॥ਅਰਦਾਸ ॥

ਸਲੋਕ ਮਃ੧ ॥ ਧੰਨੁ ਸੁ ਕਾਗਦੁ ਕਲਮੁ ਧੰਨੁ ਧਨੁ ਭਾਂਡਾ ਧਨੁ ਮਸੁ ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥੧॥
ਮਃ੧ ॥ ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥ (੧੨੯੧)

ਅੰਗ ੮ = **ਸੋਦਰੁ ਰਾਗੁ ਆਸਾ ਮਹਲਾ ੧**

੧ਓ ਸਤਿਗੁਰ ਪ੍ਰਸਾਦਿ॥

ਅਰੰਭਕ ਸ਼ਬਦ = ਸ੍ਰੀ ਗੁਰੂ ਗਰੰਥ ਸਾਹਿਬ ਵਿਚ ਜਪੁ ਜੀ ਸਾਹਿਬ ਦੀ ਸਮਾਪਤੀ ਤੋਂ ਬਾਦ ਸੋਦਰੁ ਅਤੇ ਇਸ ਤੋਂ ਅੱਗੇ ਅੱਠ ਹੋਰ ਸ਼ਬਦਾਂ ਦਾ ਪਾਠ ਆਉਂਦਾ ਹੈ। ਇਨ੍ਹਾਂ ਸਾਰੇ ਸ਼ਬਦਾਂ ਦੇ ਪਾਠ ਨੂੰ 'ਰਹਿਰਾਸ' ਆਖੀਦਾ ਹੈ, ਪਰ ਗੁਰੂ ਗ੍ਰੰਥ ਸਾਹਿਬ ਵਿਚ 'ਰਹਿਰਾਸ' ਪਦ ਇਸ ਬਾਣੀ ਦੇ ਸਿਰੇ ਤੇ ਸਿਰਲੇਖ ਵੱਜੋਂ ਨਹੀਂ ਲਿਖਿਆ ਹੋਇਆ। ਇਸ ਬਾਣੀ ਦਾ ਨਾਮ 'ਰਹਿਰਾਸ' ਕਿਵੇਂ ਅਤੇ ਕਦੋਂ ਪ੍ਰਚਲਤ ਹੋਇਆ, ਇਸ ਬਾਰੇ ਕੋਈ ਲਿਖਤੀ ਹਵਾਲਾ ਨਹੀਂ ਮਿਲਦਾ। ਜੇ ਗੁਰੂ ਅਰਜਨ ਦੇਵ ਜੀ ਸਮੇਂ ਇਸ ਬਾਣੀ ਦਾ ਨਾਮ ਰਹਿਰਾਸ ਪ੍ਰਚਲਤ ਹੁੰਦਾ, ਤਾਂ ਗੁਰੂ ਗ੍ਰੰਥ ਜੀ ਦੇ ਤਤਕਰੇ ਜਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਇਸ ਬਾਣੀ ਦਾ ਨਾਉਂ ਸੋਦਰ ਦੀ ਜਗ੍ਹਾ ਰਹਿਰਾਸ ਹੋਣਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਸੋਦਰ ਪਦ ਹੀ ਵਰਤਿਆ ਮਿਲਦਾ ਹੈ। ਇਸ ਬਾਣੀ ਦਾ ਪਾਠ ਸ਼ਾਮ ਸਮੇਂ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਕਰਤਾਰ ਪੁਰ ਵਿਖੇ ਅੰਮ੍ਰਿਤ ਵੇਲੇ ਜਪੁ ਜੀ ਸਾਹਿਬ ਅਤੇ ਸ਼ਾਮ ਵੇਲੇ 'ਸੋਦਰੁ' ਗਾਉਣ ਦਾ ਇਤਹਾਸਕ ਪ੍ਰਮਾਣ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਮਿਲਦਾ ਹੈ =

ਸੋਦਰੁ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਾਪੁ ਉਚਾਰਾ (ਭਾ.ਗੁ. ੧-੩੮)।
ਸੰਝੈ ਸੋਦਰੁ ਗਾਵਣਾ ਮਨ ਮੇਲੀ ਕਰਿ ਮੇਲਿ ਮਿਲੰਦੇ (ਭਾ.ਗੁ.੬-੩)।

ਉਂਝ ਰਹਿਰਾਸ ਸਾਹਿਬ ਦੇ 'ਰਾਗੁ ਗੂਜਰੀ ਮਹਲਾ ੪' ਵਾਲੇ ਸ਼ਬਦ ਵਿਚ ਰਹਰਾਸਿ ਪਦ ਜਰੂਰ ਆਇਆ ਹੈ {ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ, ਹਰਿ ਕੀਰਤਿ ਹਮਰੀ ਰਹਰਾਸਿ ॥ ਅੰਗ ੧੦}। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਰਹਿਰਾਸ ਪਦ ਪ੍ਰਚਲਤ ਸੀ, ਜਿਸ ਦੀ ਪੁਸ਼ਟੀ ਉਸ ਵਕਤ ਦੇ ਲਿਖੇ ਰਹਿਤਨਾਮਿਆਂ ਤੋਂ ਹੁੰਦੀ ਹੈ।

ਸੰਧਿਆ ਸਮੇਂ ਸੁਨੈ ਰਹਿਰਾਸ (ਰਹਿਤਨਾਮਾ ਭਾਈ ਨੰਦ ਲਾਲ ਜੀ)।
ਬਿਨ ਰਹਰਾਸਿ ਸੰਧਿਆ ਜੋ ਖੋਵੈ। ਕੀਰਤਨ ਪੜ੍ਹੇ ਬਿਨ ਰੈਨ ਜੋ ਸੋਵੈ। (ਰਹਿਤਨਾਮਾ ਭਾਈ ਨੰਦ ਲਾਲ ਜੀ)।
ਪ੍ਰਾਤਾ ਕਾਲ ਗੁਰ ਗੀਤ ਨ ਗਾਵੈ। ਰਹਿਰਾਸ ਬਿਨਾ ਪਰਸਾਦਿ ਜੋ ਖਾਵੈ।
ਬਾਹਰਮੁਖੀ ਸਿਖ ਤਿਸ ਜਾਨੋ। ਸਭ ਬਰਤਨ ਮਿਥਿਆ ਤਿਸ ਮਾਨੋ (ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)।
ਦੋਹਰਾ ॥ ਰਹਿਰਾਸ ਸਮੇਂ ਗੁਰੂ ਹੁਕਮ ਕੋ, ਪੜੈ ਪਰੀਤ ਸਤ ਭਾਉ। ਪ੍ਰੇਮ ਸਹਿਤ ਰਸਨਾ ਰਟਹਿ, ਪ੍ਰਗਟ ਮਿਲੈ ਮੁਹਿ ਆਉ।
(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)

ਹੋ ਸਕਦਾ ਹੈ ਸੋਦਰੁ ਤੋਂ ਪਹਿਲਾਂ 'ਦੁਖੁ ਦਾਰੂ ਸੁਖੁ ਰੋਗੁ ਭਇਆ' (ਆਸਾ ਦੀ ਵਾਰ ਦਾ ਬਾਰ੍ਹਵਾਂ ਸਲੋਕ ਅੰਗ ੪੬੯) ਅਤੇ ਸੋਦਰੁ ਤੋਂ ਬਾਦ 'ਸੁਣਿ ਵਡਾ ਆਖੈ ਸਭੁ ਕੋਇ' ਅਤੇ ' ਆਖਾ ਜੀਵਾ ਵਿਸਰੈ ਮਰਿ ਜਾਉ' ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਗੁਰ ਸਿੱਖਾਂ ਨੇ ਸੋਦਰੁ ਦੇ ਨਾਲ ਪੜ੍ਹਨੇ ਸ਼ੁਰੂ ਕਰ ਦਿਤੇ ਹੋਣ। ਪਰ ਇਤਹਾਸ ਵਿਚ ਇਸਦਾ ਕੋਈ ਪ੍ਰਮਾਣ ਨਹੀਂ ਮਿਲਦਾ।

ਕਰਤਾਰ ਪੁਰ (ਜਲੰਧਰ) ਵਿਖੇ ਵਿਰਾਜਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਜੋ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਾਈ ਸੀ, ਰਹਿਰਾਸ ਦੇ ਕੇਵਲ ਪੰਜ ਸ਼ਬਦ ਹੀ ਲਿਖੇ ਹੋਏ ਹਨ =

੧. ਸੋ ਦਰੁ ਤੇਰਾ ਕੇਹਾ....। ੨. ਸੁਣਿ ਵਡਾ ਆਖੈ ਸਭੁ ਕੋਇ। ੩. ਆਖਾ ਜੀਵਾ ਵਿਸਰੈ ਮਰਿ ਜਾਉ। ੪.ਹਰਿ ਕੇ ਜਨ ਸਤਿਗੁਰ ਸਤਿ ਪੁਰਖਾ....।੫. ਕਾਹੇ ਰੇ ਮਨ ਚਿਤਵਹਿ ਉਦਮੁ...। ਇਹ ਸ਼ਬਦ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਸ਼ਾਮ ਵੇਲੇ ਪੜ੍ਹ ਜਾਂਦੇ ਸਨ। ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਰਹਿਰਾਸ ਵਿਚ ਹੇਠ ਲਿਖੇ ਚਾਰ ਹੋਰ ਸ਼ਬਦ ਮਿਲਾ ਦਿਤੇ =

੧. ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ...।੨. ਤੂ ਕਰਤਾ ਸਚਿਆਰੁ ਮੈਡਾ ਸਾਈ...।
੩. ਤਿਤੁ ਸਰਵਰੜੈ ਭਈਲੇ ਨਿਵਾਸਾ....। ੪. ਭਈ ਪਰਾਪਤਿ ਮਾਨੁਖ ਦੇਹੁਰੀਆ...। ਸੋਦਰੁ ਤੋਂ ਲੈ ਕੇ 'ਕਾਹੇ ਰੇ ਮਨ

ਚਿਤਵਹਿ ਉਦਮੁ' ਤਕ ਪੰਜ ਸ਼ਬਦ ਲਿਖ ਕੇ ਸਮਾਪਤੀ ਤੇ ਅੰਕ ੫ ਪਾਇਆ ਹੋਇਆ ਹੈ। ਜੇ ਇਹ ਸਾਰੇ ਨੌਂ ਸ਼ਬਦ ਇਕੱਠੇ ਰਹਿਰਾਸ ਵਿਚ ਪਾਏ ਹੋਏ ਹੁੰਦੇ ਤਾਂ 'ਕਾਹੇ ਰੇ ਮਨ ਚਿਤਵਹਿ ਉਦਮੁ' ਤੋਂ ਅੱਗੇ 'ਸੋ ਪੁਰਖੁ' ਵਾਲੇ ਸ਼ਬਦ ਦੀ ਸਮਾਪਤੀ ਤੇ ਅੰਕ ੬ ਲਿਖਿਆ ਹੋਣਾ ਚਾਹੀਦਾ ਸੀ, ਪਰ ਨਹੀਂ ਲਿਖਿਆ ਹੋਇਆ। 'ਸੋ ਪੁਰਖੁ' ਵਾਲਾ ਸ਼ਬਦ ਲਿਖ ਕੇ ਇਸ ਛੇਵੇਂ ਸ਼ਬਦ ਦੀ ਸਮਾਪਤੀ ਤੇ ਨਵਾਂ ਅੰਕ ੧ ਲਿਖਿਆ ਹੋਇਆ ਇਹ ਸਿੱਧ ਕਰਦਾ ਹੈ ਕਿ 'ਸੋ ਪੁਰਖੁ' ਅਤੇ ਇਸ ਤੋਂ ਅਗਲੇ ਸ਼ਬਦ ਰਹਿਰਾਸ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸ਼ਾਮਲ ਕੀਤੇ ਹਨ। ਇਸ ਦਾ ਇਕ ਹੋਰ ਸਬੂਤ ਹੈ ਕਿ ਛੇਵੇਂ ਪਾਃ ਜੀ ਦੇ ਵੱਡੇ ਸਾਹਿਬਜ਼ਾਦਾ ਬਾਬਾ ਗੁਰਦਿਤਾ ਜੀ ਦੇ ਅਪਣੇ ਹੱਥਾਂ ਦਾ ਲਿਖਿਆ ਇਕ ਗੁਟਕਾ ਕਰਤਾਰ ਪੁਰ (ਜਲੰਧਰ) ਵਿਖੇ ਪਿਆ ਹੈ, ਜਿਸ ਵਿਚ 'ਸੋਦਰੁ' ਤੋਂ ਲੈ ਕੇ 'ਭਈ ਪਰਾਪਤਿ ਮਾਨੁਖ...' ਤਕ ੯ ਸ਼ਬਦ ਲਿਖੇ ਹੋਏ ਹਨ। (ਸੰਪ੍ਰਦਾਈ ਟੀਕਾ ਸ੍ਰੀ ਅਮੀਰ ਭੰਡਾਰ, ਸੈਂਚੀ ਪਹਿਲੀ ਵਿਚੋਂ ਕੁਝ ਅੰਸ਼)।

ਮੇਰਾ ਖਿਆਲ ਹੈ ਕਿ ਗੁਰੂ ਅਰਜਨ ਦੇਵ ਜੀ ਤੋਂ ਬਾਦ ਰਹਿਰਾਸ ਬਾਣੀ ਦੇ ਅੰਤ ਵਿਚ ਨਾਲ ਨਾਲ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਅਤੇ ਅਖੀਰਲੀ ਪਉੜੀ, ਮੁੰਦਾਵਣੀ, ਸਲੋਕ ਮਹਲਾ ੫ ॥ ਤੇਰਾ ਕੀਤਾ ਜਾਤੋ ਨਾਹੀ..., ਪਉੜੀ 'ਤਿਥੈ ਤੂ ਸਮਰਥੁ', ਸਲੋਕੁ ਮਃ ੫ ॥ ਅੰਤਰਿ ਗੁਰੁ ਆਰਾਧਣਾ...ਅਤੇ ਮਃ ੫ ॥ ਰਖੇ ਰਖਣਹਾਰਿ...ਰਹਿਰਾਸ ਦੇ ਪਾਠ ਵਿਚ ਮਿਲਾ ਕੇ ਪੜ੍ਹੇ ਜਾਂਦੇ ਰਹੇ ਹੋਣਗੇ। ਦਸਮੇਸ਼ ਪਾਤਸ਼ਾਹ ਜੀ ਦੇ ਸਮੇਂ ਤੋਂ ਇਸ ਬਾਣੀ ਵਿਚ ਦਸਮ ਗ੍ਰੰਥ ਵਿਚੋਂ 'ਪੁਨਿ ਰਾਛਸ ਕਾ ਕਾਟਾ ਸੀਸਾ...' ਕਬਿਯੋ ਬਾਚ ਬੇਨਤੀ ਚੌਪਈ,ਕੁਝ ਦੋਹਰੇ, ਸ੍ਵੈਯਾ ॥ ਪਾਂਇ ਗਹੇ ਜਬ ਤੇ... ਅਤੇ ਦੋਹਰਾ ॥ ਸਗਲ ਦੁਆਰ ਕਉ... ਪੜ੍ਹਨੇ ਸ਼ੁਰੂ ਕਰ ਦਿਤੇ ਗਏ। ਸੰਪ੍ਰਦਾਈ ਸਟੀਕ ਅਤੇ ਪਦਮ ਭੂਸ਼ਨ ਡਾਕਟਰ ਭਾਈ ਵੀਰ ਸਿੰਘ ਅਨੁਸਾਰ ਭਾਈ ਮਨੀ ਸਿੰਘ ਜੀ ਦੀ ਲਿਖੀ ਪੰਜ ਗ੍ਰੰਥੀ ਵਿਚ ਇਹੋ ਹੀ ਸੰਪੂਰਨ ਰਹਿਰਾਸ ਲਿਖੀ ਹੋਈ ਹੈ। ਤਖਤ ਸਚਖੰਡ ਸ੍ਰੀ ਹਜੂਰ ਸਾਹਿਬ ਨੰਦੇੜ ਅਤੇ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਉਪਰ ਦਸੀ ਸੰਪੂਰਨ ਰਹਿਰਾਸ ਪੜੀ ਜਾਂਦੀ ਹੈ। ਸਨ ੧੯੩੦ ਤਕ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਤੇ ਵੀ ਇਹੀ ਸੰਪੂਰਨ ਰਹਿਰਾਸ ਪੜ੍ਹੀ ਜਾਂਦੀ ਰਹੀ ਹੈ। ਸਿੰਘ ਸਭਾ ਅਤੇ ਅਕਾਲੀ ਲਹਿਰ ਸਮੇਂ ਰਹਿਰਾਸ ਦੇ ਪਾਠ ਵਿਚੋਂ ਦਸਮ ਗ੍ਰੰਥ ਦੀ ਬਾਣੀ ਦੀਆਂ ਕੁਝ ਚੌਪਈਆਂ ਅਤੇ ਦੋਹਰੇ ਕੱਢ ਦਿਤੇ ਗਏ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਰਹਿਰਾਸ ਦੇ ਪਾਠ ਦਾ ਕਾਇਮ ਕੀਤਾ ਮੌਜੂਦਾ ਸਰੂਪ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਪੜ੍ਹਿਆ ਜਾਂਦਾ ਹੈ। ਸ਼ਰਧਾਵਾਨ ਗੁਰ ਸਿੱਖ ਬਾਣੀ ਦਾ ਵੱਧ ਤੋਂ ਵੱਧ ਪਾਠ ਕਰਨ ਵਿਚ ਅਪਣਾ ਸੁਭਾਗ ਸਮਝਦੇ ਹਨ।

ਦਾਨਿਆਂ ਨੇ ਰਹਰਾਸਿ ਪਦ ਦੇ ਨਿਮਨ ਲਿਖੇ ਅਰਥ ਕੀਤੇ ਹਨ =

੧. ਰਹੁਰੀਤੀ, ਮਰਿਆਦਾ, ਤਰੀਕਾ {ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ, ਹਰਿ ਨਾਮੁ ਜਿਨਾ ਰਹਰਾਸਿ ॥ ਅੰਗ ੮੨}।੨. ਨਮਸਕਾਰ,ਅਰਦਾਸ, ਬੇਨਤੀ, ਪ੍ਰਾਰਥਨਾ, ਜੈਕਾਰ {ਸਾਹੁ ਪਾਤਿਸਾਹੁ, ਸਭੁ ਹਰਿ ਕਾ ਕੀਆ, ਸਭਿ ਜਨ ਕਉ ਆਇ ਕਰਹਿ ਰਹਰਾਸਿ ॥ਅੰਗ ੩੦੫ ; ਤਿਸੁ ਆਗੈ ਰਹਰਾਸਿ ਹਮਾਰੀ, ਸਾਚਾ ਅਪਰ ਅਪਾਰੋ ॥ ਅੰਗ ੯੩੮}।੩. ਸਿੱਧਾ ਰਸਤਾ, ਗੂੜ੍ਹ ਆਤਮ ਉਪਦੇਸ ਆਦਿ।

ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ੮ ਅੰਗ ਤੇ 'ਸੋਦਰੁ' ਤੋਂ ਸ਼ੁਰੂ ਹੁੰਦੀ ਹੈ, ਜਪੁ ਜੀ ਸਾਹਿਬ ਦੀ ੨੭ ਵੀਂ ਪਉੜੀ ਵਿਚ ਵੀ ਇਹ ਪਾਠ ਆ ਚੁਕਾ ਹੈ। ਸੋਦਰੁ ਦੀ ਬਾਣੀ, ਫਿਰ ਤੀਜੀ ਵਾਰ ਗੁਰੂ ਗ੍ਰੰਥ ਸਾਹਿਬ ਦੇ ੩੪੭ ਅੰਗ ਤੇ ਰਾਗੁ ਆਸਾ ਦੇ ਅਰੰਭ ਵਿਚ ਲਿਖੀ ਹੋਈ ਹੈ। ਪਰ ਤਿੰਨੇ ਜਗ੍ਹਾ ਪਾਠਾਂ ਵਿਚ ਪਦਾਂ, ਅੱਖਰਾਂ, ਲਗਾਂ, ਮਾਤ੍ਰਾਂ ਦਾ ਥੋੜਾ ਥੋੜਾ ਫਰਕ ਹੈ, ਲੇਕਿਨ ਸਮੁੱਚਾ ਭਾਵ ਇਕੋ ਹੀ ਹੈ। ਰਹਿਰਾਸ ਵਿਚਲੇ ਸੋਦਰੁ ਦੀ ਬਾਣੀ ਗੁਰਦੁਆਰਿਆਂ ਵਿਚ 'ਦੁਖੁ ਦਾਰੂ ਸੁਖੁ ਰੋਗ ਭਇਆ...' ਤੋਂ ਬਾਦ ਰਾਗ ਆਸਾ ਵਿਚ ਰਾਗੀ ਸਿੰਘ ਗਾਉਂਦੇ ਹਨ ਅਤੇ ਗੁਰ ਸਿੱਖ ਸ਼ਾਮ ਦਾ ਨਿਤਨੇਮ ਕਰਨ ਸਮੇਂ ਪ੍ਰੇਮ ਨਾਲ ਪੜ੍ਹਦੇ ਵੀ ਹਨ। ਸੋਦਰੁ ਦੀ ਬਾਣੀ ਸਿੱਖ ਦੇ ਨਿਤਨੇਮ ਵਿਚ ਵੀ ਸ਼ਾਮਲ ਹੈ ਅਤੇ ਇਸ ਬਾਣੀ ਨੂੰ ਗੁਰਦੁਆਰਿਆਂ ਵਿਚ ਸ਼ਾਮ ਦੇ ਦੀਵਾਨ ਵਿਚ ਗਾਉਣ ਦੀ ਵੀ ਮਰਿਆਦਾ ਹੈ।

ਮੇਰੇ ਖਿਆਲ ਅਨੁਸਾਰ ਸੋਦਰੁ ਇਕੋ ਹੀ ਹੈ, ਜੋ ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਵਿਚ ਟੁੱਭੀ ਮਾਰਨ ਸਮੇਂ ਸਚਖੰਡ ਵਿਚ ਨਿਰੰਕਾਰ ਦੇ ਸਨਮੁਖ ਗਾਇਆ। ਜਪੁ ਜੀ ਵਾਲਾ ਸੋ ਦਰੁ ਥੋੜੇ ਜਿਹੇ ਫਰਕ ਨਾਲ ਸਿੱਧਾਂ ਦੇ ਪ੍ਰਸ਼ਨ ਦੇ ਉਤਰ ਵਿਚ ਅਤੇ ਰਹਿਰਾਸ ਵਾਲਾ ਸੋਦਰੁ ਬੇਬੇ ਨਾਨਕੀ ਜੀ ਵਲੋਂ ਨਿਰੰਕਾਰ ਦੇ ਦਰ ਘਰ ਵਾਰੇ ਪੁੱਛਣ ਤੇ ਉਚਾਰਿਆ ਹੋਵੇਗਾ। ਡਾਕਟਰ ਪਿਆਰ ਸਿੰਘ ਵਲੋਂ ਸੰਪਾਦਤ ਪੁਸਤਕ 'ਆਦਿ ਸਾਖੀਆਂ' ਵਿਚ ਪ੍ਰਮੇਸਰ ਦੀ ਦਰਗਾਹ ਵਿਚ ਸੋਦਰੁ ਦੇ ਉਚਾਰਣ ਬਾਰੇ ਹੇਠ ਲਿਖਿਆ ਬੰਦ ਮਿਲਦਾ ਹੈ =

ਤਬ ਪਾਰਬ੍ਰਹਮ ਕੀ ਆਗਿਆ ਹੋਈ ਦਿਖਾ ਨਾਨਕ ਤੂੰ ਭੀ ਮੇਰੇ ਤਾਈ ਗਾਉ ॥ ਤਬ ਬਾਬੇ ਨਾਨਕ ਕਹਿਆ ਮਿਹਰਵਾਨ ਹਉ ਕਿ ਗਾਵਾ ॥ ਸਭ ਤੁਝ ਹੀ ਕਉ ਗਾਵਤੀ ਆਰਾਧਤੀ ਹੈ ॥ ਤਬ ਪਾਰਬ੍ਰਹਮ ਕਹਿਆ ਨਾਨਕ ਤੇਰਾ ਧਿਆਵਣਾ ਗਾਵਣਾ ਮੈ ਥਾਇ ਪਾਇਆ ॥ ਅਰੁ ਤੂੰ ਮੇਰੇ ਤਾਈ ਗਾਉ ॥....ਮੈ ਤੇਰਾ ਗਾਵਿਆ ਭਾਵਦਾ ਹੈ ॥ ਤਬ ਬਾਬੇ ਨਾਨਕ ਸੋ ਦਰ ਦੀ ਸਿਫਤਿ ਕਰੀ ॥ ਰਾਗੁ ਆਸਾ ॥ ਸੋ ਦਰੁ ਤੇਰਾ ਕੇਹਾ....॥

ਮਹਲਾ= ਜਪੁ ਜੀ ਸਾਹਿਬ ਵਿਚ ਮਹਲਾ ਅਤੇ ਰਹਾਉ ਨਹੀਂ ਲਿਖੇ ਹੋਏ, ਪਰ ਜਪੁ ਜੀ ਤੋਂ ਅੱਗੇ ਮਹਲਾ ਅਤੇ ਰਹਾਉ ਪਦ ਬਹੁਤ ਬਾਰ ਆਉਂਦੇ ਹਨ। ਮਹਲਾ ਦਾ ਉਚਾਰਣ ਪਹਿਲਾਂ ਤੋਂ ਹੀ ਮਹੱਲਾ ਕੀਤਾ ਜਾਂਦਾ ਰਿਹਾ ਹੈ ਅਤੇ ਮਹਲੁ ਦਾ ਉਚਾਰਣ ਮਹੱਲ ਕੀਤਾ ਜਾਂਦਾ ਹੈ। 'ਮਹੱਲਾ' ਅਰਬੀ ਬੋਲੀ ਦਾ ਲਫਜ਼ ਹੈ ਜਿਸ ਦੇ ਅਰਥ ਨਿਮਨ ਲਿਖਤ ਹਨ =

੧. ਰੱਬੀ ਜੋਤ ਦਾ ਇਕ ਸਰੀਰ ਵਿਚੋਂ ਨਿਕਲ ਕੇ ਦੂਜੇ ਸਰੀਰ ਵਿਚ ਪ੍ਰਵੇਸ਼ ਹੋਣਾ।੨. ਉਤਰਨ ਦੀ ਜਗ੍ਹਾ (ਧੁਰ ਤੋਂ ਰੱਬੀ ਜੋਤ ਜਿਸ ਸਰੀਰ ਵਿਚ ਉਤਰੀ, ਉਹ ਮਹੱਲਾ ਹੈ ਭਾਵ ਗੁਰੂ ਸਰੀਰ ਜਾਂ ਨਿਰੰਕਾਰੀ ਜੋਤ ਦਾ ਕਿਸੇ ਮਹਾਂ ਪੁਰਖ ਦੇ ਸਰੀਰ ਵਿਚ ਪ੍ਰਵੇਸ਼ ਹੋ ਕੇ ਜਗਤ ਜਲੰਦੇ ਦੀ ਕਲਿਆਣ ਕਰਨ ਲਈ ਸੰਸਾਰ ਵਿਚ ਉਤਰਨਾ)।੩. ਸਤਿਗੁਰੂ ਪਾਤਸ਼ਾਹ ਜਾਂ ਸਤਿਗੁਰੂ ਸਰੂਪ।੪. ਮਹੱਲ. ਮਕਾਨ,ਮੰਦਰ {ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ...੬੪੮}।੪. ਦਸਮ ਦੁਆਰ, ਨਿਜ ਘਰ {ਤਾ ਸੁਖ ਲਹਹਿ ਮਹਲੁ.. ....੩੭; ਨਿਜ ਘਰਿ ਮਹਲੁ ਪਵਹੁ ਸੁਖ ਸਹਜੇ..੧੩}।੫. ਸਰੀਰ, ਅਸਥਾਨ, ਸਰੂਪ {ਏਕ ਮਹਲਿ ਤੂ ਹੋਹਿ ਅਫਾਰੋ, ਏਕ ਮਹਲਿ ਨਿਮਾਨੋ ੨੦੬}।ਮਹਲ ਦੇ ਕੁਝ ਹੋਰ ਵੀ ਅਰਥ ਕੀਤੇ ਮਿਲਦੇ ਹਨ = ਮਕਾਨ ਦਾ ਵੱਡਾ ਕਮਰਾ, ਜ਼ਨਾਨਾ ਕਮਰਾ, ਕਿਸੇ ਅਮੀਰ ਦੇ ਘਰ ਦਾ ਜ਼ਨਾਨੀਆਂ ਦੇ ਰਹਿਣ ਦੀ ਜਗ੍ਹਾ, ਇਲਾਕਾ, ਅਹੁਦਾ, ਦਰਜਾ, ਰਾਜੇ ਜਾਂ ਅਮੀਰ ਦੀ ਵਹੁਟੀ, ਵਕਤ, ਮੌਕਾ।ਇਸੇ ਤਰ੍ਹਾਂ ਮਹੱਲਾ ਦਾ ਅਰਥ ਬਹੁਤੇ ਥਾਂਈਂ ਉਤਰਨੇ ਅਤੇ ਫੌਜਾਂ ਦਾ ਅਭਿਆਸ ਕਰਦਿਆਂ ਹੋਇਆਂ ਹਮਲਾ ਕਰਨਾ।ਮਹੱਲ ਜਾਂ ਮਹੱਲਾ ਪਦ ਦਾ ਅਰਬੀ ਧਾਤੂ ਹੱਲ ਅਤੇ ਇਸ ਤੋਂ ਹੀ ਹਲੂਲ ਅਤੇ ਮਹੱਲਾ ਪਦ ਬਣਿਆ।ਹਲੂਲ ਦਾ ਅਰਥ ਉਤਰਨਾ, ਅਵਤਾਰ ਲੈਣਾ, ਕਿਸੇ ਇਕ ਰੂਹ ਅਥਵਾ ਵਿਅਕਤੀ ਦਾ ਕਿਸੇ ਦੂਜੀ ਰੂਹ ਜਾਂ ਸ਼ਖਸ਼ੀਅਤ ਵਿਚ ਹਲੂਲ ਹੋ ਕੇ ਇਕ ਮਿਕ ਹੋਣਾ ਲਿਆ ਜਾਂਦਾ ਹੈ।ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸੰਕੇਤਕ ਸ਼ਬਦ ਦਾ ਸਹੀ ਅਰਥ ਭਾਵ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰ ਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇ ਅਤੇ ਗੁਰੂ ਤੇਗ ਬਹਾਦਰ ਜੀ ਤਕ 'ਗੁਰੂ-ਅਵਤਾਰ' ਹੀ ਸਿੱਧ ਹੁੰਦਾ ਹੈ।ਅਰਬੀ ਵਿਚ ਮਹੱਲਾ ਦਾ ਇਕ ਹੋਰ ਅਰਥ ਵੀ ਹੈ = ਸਲਾਹਿਆ ਗਿਆ ਭਾਵ ਸਰਬ ਉਪਮਾ ਯੋਗ ਜਾਂ ਸਲਾਹਿਆ ਗਿਆ - ਗੁਰੂ।ਮਹਲ ਜਾਂ ਮਹਲਾ ਦਾ ਉਚਾਰਣ ਅਧਕ ਸਮੇਤ ਮਹੱਲ ਅਤੇ ਮਹੱਲਾ ਹੁੰਦਾ ਹੈ।

ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ) ਵਿਚ ਸਫਾ ੧੯੦ ਤੇ ਪਦਮ ਭੂਸ਼ਨ ਡਾਕਟਰ ਭਾਈ ਵੀਰ ਸਿੰਘ ਜੀ ਨੇ ਫੈਸਲਾਕੁਨ ਪੜਚੋਲ ਕਰਕੇ ਚੰਗੀ ਤਰ੍ਹਾਂ ਸਪੱਸ਼ਟ ਕੀਤਾ ਹੈ ਕਿ 'ਮਹਲਾ' ਸ਼ਬਦ ਦਾ ਉਚਾਰਣ ਮਹੱਲਾ ਹੀ ਠੀਕ ਹੈ ਤੇ 'ਪਹਲਾ' ਦੀ ਤਰ੍ਹਾਂ ਪਹਿਲਾ ਤੇ 'ਮਹਲਾ' ਦੀ ਥਾਂਵੇਂ ਮਹਿਲਾ ਜਾਂ ਮੈਹਲਾ ਉਕਾ ਹੀ ਉਚਿਤ ਨਹੀਂ, ਸੱਗੋਂ ਬੇ ਬੁਨਿਆਦ ਹੈ।

ਮਹੱਲਾ ਨਾਲ ਜਿਹੜਾ ਅੰਕ ਲਗਿਆ ਹੋਇਆ ਹੈ, ਉਹ ਸਪੱਸ਼ਟ ਕਰਦਾ ਹੈ ਗੁਰੂ ਸਰੀਰ, ਗੁਰੂ ਪਾਤਸ਼ਾਹ।ਜਿਵੇਂ =
ਸਿਰੀ ਰਾਗੁ ਮਹਲਾ ੧ ॥ (ਗੁਰੂ ਨਾਨਕ ਦੇਵ ਜੀ ਦਾ ਸ਼ਬਦ)।ਸਿਰੀ ਰਾਗੁ ਮਹਲਾ ੩ ॥ (ਗੁਰੂ ਅਮਰਦਾਸ ਜੀ ਦਾ ਸ਼ਬਦ)।
'ਮਹੱਲਾ' ਪੁਲਿੰਗ ਹੈ ਕਿਉਂਕਿ ਮਹੱਲਾ ਪਦ ਨਾਲ ਲਿਖੇ ਅੱਖਰ ਪਹਿਲਾ, ਦੂਜਾ, ਤੀਜਾ ਜਾਂ ਚੌਥਾ ਆਦਿ ਮਹੱਲਾ ਪਦ ਨੂੰ ਪੁਲਿੰਗ ਸਿੱਧ ਕਰਦੇ ਹਨ ਃ- ਰਾਗੁ ਸਿਰੀ ਰਾਗੁ ਮਹਲਾ ਪਹਿਲਾ (ਅੰਗ ੧੪)।ਵਡਹੰਸੁ ਮਹਲਾ ੩ ਮਹਲਾ ਤੀਜਾ (ਅੰਗ ੫੮੨)।ਸੋਰਠਿ ਮਹਲਾ ਚਉਥਾ (ਅੰਗ ੬੦੪)।ਲਫਜ਼ ਪਹਿਲਾ, ਦੂਜਾ, ਤੀਜਾ, ਅਤੇ ਚਉਥਾ ਆਦਿ ਪੁਲਿੰਗ ਹਨ, ਇਸ ਕਰਕੇ ਇਨ੍ਹਾਂ ਅੱਖਰਾਂ ਤੋਂ ਪਹਿਲਾਂ ਲੱਗਿਆ ਪਦ ਮਹੱਲਾ ਵੀ ਪੁਲਿੰਗ ਹੈ, ਇਸ ਕਰਕੇ ਮਹਲਾ ਨੂੰ ਮਹੱਲਾ ਪੜ੍ਹਿਆ ਜਾਣਾ ਚਾਹੀਦਾ ਹੈ।ਜੇ ਮਹਲਾ ਦਾ ਅਰਥ ਇਸਤ੍ਰੀ ਹੁੰਦਾ ਤਾਂ ਗੁਰਬਾਣੀ ਵਿਚ ਮਹਿਲਾ ਪਹਿਲੀ, ਮਹਿਲਾ ਦੂਜੀ ਜਾਂ ਮਹਿਲਾ ਤੀਜੀ ਆਦਿ ਲਿਖਿਆ ਹੋਣਾ ਸੀ।ਗੁਰਬਾਣੀ ਵਿਚ ਅਧਕ ਕਿਸੇ ਵੀ ਲਫਜ਼ ਨੂੰ ਨਹੀਂ ਲੱਗੀ ਹੋਈ, ਕੋਲੋਂ ਲਾਉਣੀ ਪੈਂਦੀ ਹੈ।ਜਿਵੇਂ ਗਏ ਮਸਕਤਿ ਘਾਲਿ ॥ ਇਥੇ 'ਮਸਕਤਿ' ਨੂੰ ਅਧਕ ਲਗਾ ਕੇ 'ਮਸੱਕਤਿ' ਪੜ੍ਹੀਦਾ ਹੈ। ਯਥਾ = ਮਨ ਮੇਰੇ, ਸਤਿਗੁਰ ਕੈ ਭਾਣੈ ਚਲੁ ॥ ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ, ਤਾ ਸੁਖ ਲਹਹਿ ਮਹਲੁ ॥ (ਅੰਗ ੩੭)।ਇਨ੍ਹਾਂ ਤੁਕਾਂ ਵਿਚ 'ਚਲੁ' ਅਤੇ 'ਮਹਲੁ' ਨੂੰ ਅਧਕ ਲਗਾ ਕੇ ਚੱਲੁ ਅਤੇ ਮਹੱਲੁ ਪੜ੍ਹਿਆ ਜਾਂਦਾ ਹੈ।

ਲੇਖਕ ਸ਼ਮਸ਼ੇਰ ਸਿੰਘ ਅਸ਼ੋਕ (ਰੀਸਰਚ ਸਕਾਲਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ) ਦਾ ਮਹੱਲਾ ਵਾਰੇ ਲਿਖੇ ਖੋਜ ਭਰਪੂਰ ਲੇਖ ਦੇ ਕੁਝ ਜਰੂਰੀ ਅੰਸ਼ ਨਿਮਨ ਲਿਖਤ ਹਨ =

'ਮਹਲਾ' ਲਫਜ਼ ਦਰ ਅਸਲ, ਜੇ ਇਸਦੇ ਮੁਢ ਨੂੰ ਨੀਝ ਲਾ ਕੇ ਤੱਕਿਆ ਜਾਵੇ ਤਾਂ ਅਰਬੀ ਮੂਲਕ ਹੈ ਤੇ ਸੰਸਕ੍ਰਿਤ ਬੋਲੀ ਨਾਲ ਇਸਦਾ ਕੋਈ ਵੀ ਮੇਲ ਨਹੀਂ ਹੈ।ਇਸ ਤੋਂ ਉਲਟ ਸੰਸਕ੍ਰਿਤ ਵਿਚ 'ਮਹਿਲਾ' ਸ਼ਬਦ ਇਸਤ੍ਰੀ ਸੰਗਯਕ ਹੈ।ਕਈ ਉਦਾਸੀ ਤੇ ਨਿਰਮਲੇ ਵਿਦ੍ਵਾਨ ਸੰਸਕ੍ਰਿਤ ਦੇ ਪਿਠ ਠੋਕੂ ਹੋਣ ਕਰਕੇ ਅਰਬੀ ਨੂੰ ਯਵਨ ਭਾਸ਼ਾ ਆਖ ਉਸ ਤੋਂ ਨੱਕ ਵੱਟਦੇ ਰਹੇ ਹਨ, ਇਸ ਲਈ ਉਨ੍ਹਾਂ ਨੇ ਅਰਬੀ ਦੇ ਇਸ 'ਮਹਲਾ' ਸ਼ਬਦ ਨੂੰ ਮਹਿਲਾ ਜਾਂ ਮੈਹਲਾ ਦਾ ਪ੍ਰਤੀ ਰੂਪ ਦਸ ਕੇ ਸੰਸਕ੍ਰਿਤ ਰੂਪ ਦੇਣਾ ਸ਼ੁਰੂ ਕਰ ਦਿਤਾ, ਜਿਸ ਕਰਕੇ 'ਮਹਲਾ' ਸ਼ਬਦ ਦੇ ਗਲਤ ਉਚਾਰਣ ਦਾ ਰਿਵਾਜ ਵਧਦਾ ਗਿਆ, ਜੋ ਅਜੇ ਤਕ ਬੰਦ ਨਹੀਂ ਹੋਇਆ।'ਮਹਲੇ' ਦਾ ਸਹੀ ਅਰਥ-ਭਾਵ ਹੈ ਇਕ ਰੂਹਾਨੀ ਜੋਤਿ ਦਾ ਦੂਜੀ ਵਿਚ ਲੀਨ ਹੋਣਾ, ਜਿਵੇਂ ਕਿ ਪ੍ਰਸਿੱਧ ਇਰਾਨੀ ਵਿਦ੍ਵਾਨ ਮੁਹਸਨ ਫਾਨੀ ਨੇ ਦਬਿਸਤਾਨਿ ਮਜ਼ਾਹਿਬ ਨਾਮੀ ਫਾਰਸੀ ਕਿਤਾਬ ਵਿਚ ਇਸ ਕਥਨ ਦੀ ਤਸਦੀਕ ਕੀਤੀ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਵੀ ਹੈ ਃ-

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

ਮੈਂ (ਸ਼ਮਸ਼ੇਰ ਸਿੰਘ ਅਸ਼ੋਕ) ਗੁਰਬਾਣੀ ਦੇ ਇਸ ਪੱਖ ਨੂੰ ਲੈ ਕੇ ਨਵੰਬਰ ੧੯੭੮ ਗੁਰਦ੍ਵਾਰਾ ਗਜ਼ਟ (ਅੰਮ੍ਰਿਤਸਰ) ਤੇ ਜਨਵਰੀ ੧੯੭੯ ਦੇ ਗੁਰਮਤਿ ਪ੍ਰਕਾਸ਼ (ਅੰਮ੍ਰਿਤਸਰ) ਵਿਚ 'ਮਹਲਾ' ਸ਼ਬਦ ਦੇ ਸਹੀ ਉਚਾਰਣ ਬਾਰੇ ਇਕ ਲੇਖ ਲਿਖਿਆ ਸੀ।ਮੇਰੇ ਇਨ੍ਹਾਂ ਦੋਹਾਂ ਲੇਖਾਂ ਦੇ ਉਤਰ ਵਿਚ ਗਿਆਨੀ ਹਰਭਜਨ ਸਿੰਘ ਜੀ ਪ੍ਰਿੰਸੀਪਲ ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਨੇ ਲਗਾਤਾਰ ਇਕ ਦੋ ਲੇਖ

ਗੁਰਦੁਆਰਾ ਗਜ਼ਟ, ਗੁਰਮਤਿ ਪ੍ਰਕਾਸ਼ ਅਤੇ ਹਫਤਾਵਾਰ ਰਣਜੀਤ (ਬੰਬਈ) ਵਿਚ ਛਪਵਾਏ ਤੇ ਜੋਰ ਇਸ ਗਲ ਤੇ ਦਿਤਾ ਕਿ 'ਮਹੱਲਾ' ਲਫਜ਼ ਦਾ ਉਚਾਰਣ 'ਮਹੱਲਾ' ਨਹੀ, ਸਗੋਂ 'ਮਹਿਲਾ' ਜਾਂ 'ਮੈਹਲਾ' ਹੈ। ਉਨ੍ਹਾਂ ਦਾ ਇਹ ਉਚਾਰਣ ਠੀਕ ਤੇ ਜੁਗਤੀ ਸੰਗਤ ਕਿਉਂ ਹੈ, ਇਸ ਦੀ ਪੁਸ਼ਟੀ ਲਈ ਉਨ੍ਹਾਂ ਨੇ ਠੋਸ ਪ੍ਰਮਾਣ ਕੋਈ ਨਹੀਂ ਦਿਤਾ।

ਇਕ ਮੁਸਲਮਾਨ ਆਲਮ ਦੀ ਗਵਾਹੀ :– ਗਿਆਨੀ ਹਰਭਜਨ ਸਿੰਘ ਜੀ ਪ੍ਰਿੰਸੀਪਲ ਸ਼ਹੀਦ ਸਿਖ ਮਿਸ਼ਨਰੀ ਕਾਲਜ ਦਾ ਇਸ ਸਬੰਧ ਵਿਚ ਇਕ ਲੇਖ ਪੜ੍ਹ ਕੇ ਪੰਜਾਬੀ ਦੇ ਪ੍ਰਸਿੱਧ ਵਿਦ੍ਵਾਨ ਲੇਖਕ ਗਿਆਨੀ ਅਬਦੁੱਲਾ ਨੇ ਰਬਵਾਹ (ਜਿਲਾ ਝੰਗ, ਪਾਕਿਸਤਾਨ Dated 11- 4 - 79) ਤੋਂ ਮੈਨੂੰ ਜੋ ਇਕ ਪੜਚੋਲੀਆ ਪੱਤ੍ਰ ਖਰੀ ਖਰੀ ਪੜਚੋਲ ਕਰਦਿਆਂ ਲਿਖਿਆ, ਉਹ ਪਾਠਕਾਂ ਦੀ ਦਿਲਚਸਪੀ ਲਈ ਹੂਬਹੂ ਪੇਸ਼ ਕੀਤਾ ਜਾਂਦਾ ਹੈ = ਸ਼੍ਰੀ ਮਾਨ ਜੀਓ! ਆਪ ਦੇ ਵਿਰੁਧ ਜੋ ਲੇਖ ਮਹੱਲਾ ਤੇ ਮਹਿਲਾ ਬਾਰੇ ਗੁਰਦੁਆਰਾ ਗਜ਼ਟ ਵਿਚ ਛਪਿਆ ਹੈ, ਮੈਂ ਪੜ੍ਹਿਆ ਹੈ। ਵਿਦਵਾਨ ਲੇਖਕ ਨੇ ਐਵੇਂ ਪਾਣੀ ਹੀ ਰਿੜਕਿਆ ਹੈ। ਇਸ ਬਾਰੇ ਮੇਰੇ ਇਹ ਵਿਚਾਰ ਹਨ ਕਿ ਸ਼੍ਰੀ ਮੁਹਸਨ ਫਾਨੀ ਜੀ ਨੇ ਅਪਣੀ ਪੁਸਤਕ 'ਦਬਿਸਤਾਨਿ ਮਜ਼ਾਹਬ' ਵਿਚ ਸਿੱਖ ਗੁਰੂ ਸਾਹਿਬਾਨ ਬਾਰੇ ਮਹੱਲ, ਹਲੂਲ ਤੇ ਮਹੱਲੇ ਪਦਾਂ ਦਾ ਜੋ ਪ੍ਰਯੋਗ ਕੀਤਾ ਹੈ, ਇਹ ਅਰਬੀ ਭਾਸ਼ਾ ਦੇ ਪਦ ਹਨ ਤੇ ਇਨ੍ਹਾਂ ਸਾਰਿਆਂ ਦਾ ਧਾਤੂ 'ਹੱਲ' ਹੈ। ਉਸ ਤੋਂ ਹੀ ਹਲੂਲ, ਮਹੱਲ ਅਤੇ ਮਹੱਲਾ ਪਦ ਬਣੇ ਹਨ। ਅਰਬੀ ਭਾਸ਼ਾ ਦਾ ਇਹ ਢੰਗ ਹੈ ਕਿ ਉਸਦੇ ਹਰੇਕ ਪਦ ਵਿਚ ਉਸਦੀ ਧਾਤੂ ਦੇ ਅਰਥ ਨਹੀਂ ਬਦਲਦੇ, ਉਹ ਸਦਾ ਹੀ ਕਾਇਮ ਰਹਿੰਦੇ ਹਨ। ਫੇਰ ਇਸ ਤੋਂ ਅੱਗੇ ਗਿਆਨੀ ਹੋਰਾਂ ਅਰਬੀ ਭਾਸ਼ਾ ਦੀ ਪ੍ਰਸਿੱਧ ਲੁਗਾਤ ਅਲ ਮੁਨਜ਼ਿਦ (ਮਤਬੂਆ, ਬੈਰੂਤ ੧੯੫੪) ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਇਸ ਲਿਹਾਜ ਨਾਲ ਮੁਹਸਨ ਫਾਨੀ ਦੇ ਇਸ ਕਥਨ ਦਾ ਇਹੋ ਭਾਵ ਹੈ ਕਿ 'ਮਹੱਲਾ' ਪਦ ਵਿਚ ਇਹੋ ਦੁਹਰਾਇਆ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਜੋਤਿ ਜਾਂ ਰੂਹ ਵਿਚ ਉਨ੍ਹਾਂ ਤੋਂ ਪਿਛਲੇ ਗੁਰੂ ਸਮਾ ਗਏ ਤੇ ਨਾਨਕ ਦਾ ਹੀ ਰੂਪ ਬਣ ਗਏ। ਸੋ ਸਿੱਖ ਗੁਰੂਆਂ ਲਈ ਵਰਤਿਆ 'ਮਹੱਲਾ' ਪਦ ਮੁਹਸਨ ਫਾਨੀ ਜੀ ਦੀ ਗਵਾਹੀ ਅਨੁਸਾਰ ਏਹੋ ਭਾਵ ਰਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਆਤਮਾ ਵਿਚ ਲੀਨ ਹੋ ਕੇ ਮਗਰਲੇ ਸਿਖ ਗੁਰੂ ਐਨ ਨਾਨਕ (ਭਾਵ ਹੂਬਹੂ ਗੁਰੂ ਨਾਨਕ) ਦਾ ਰੂਪ ਹੀ ਬਣਦੇ ਰਹੇ। ਗੁਰੂ ਬਾਣੀ ਵਿਚ 'ਮਹੱਲਾ' ਪਦ ਦਾ ਪਹਿਲਾ ਤੇ ਦੂਜਾ ਆਦਿ ਅੰਕ ਇਹੋ ਦਰਸਾਉਂਦੇ ਹਨ ਕਿ (ਗੁਰੂ) ਨਾਨਕ ਦੀ ਆਤਮਾ ਵਿਚ ਲੀਨ ਹੋ ਕੇ ਨਾਨਕ ਦਾ ਰੂਪ ਬਣੇ, ਗੁਰੂ ਅੰਗਦ, ਗੁਰੂ ਅਮਰਦਾਸ ਜੀ ਆਦਿ। ਗਿਆਨੀ ਅਬਦੁੱਲਾ ਹੋਰਾਂ ਦੇ ਇਸ ਪੱਤ੍ਰ ਤੋਂ ਸਾਫ ਪਤਾ ਚਲਦਾ ਹੈ ਕਿ 'ਮਹੱਲ' ਜਾਂ 'ਮਹੱਲਾ' ਲਫਜ਼ਾਂ ਦਾ ਉਚਾਰਣ ਅਰਬੀ ਬੋਲੀ ਦੇ ਅਨੁਸਾਰ ਮਹਿਲ ਜਾਂ ਮੈਹਲਾ ਨਹੀਂ, ਸੱਗੋਂ ਮਹੱਲ ਜਾਂ ਮਹੱਲਾ ਹੀ ਠੀਕ ਹੈ ਤੇ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਇਹ ਲਫਜ਼ ਗੁਰਬਾਣੀ ਵਿਚ ਸੰਕੇਤ ਵਜੋਂ ਗੁਰੂ ਨਾਨਕ, ਗੁਰੂ ਅੰਗਦ ਦੇਵ ਜੀ ਆਦਿ (ਉਨ੍ਹਾਂ ਤੋਂ ਬਾਦ ਦੇ ਗੁਰੂਆਂ) ਦੇ ਸੰਬੰਧ ਵਿਚ ਹੀ ਆਏ ਹਨ। ਇਸ ਦੇ ਨਾਲ ਹੀ ਗਿਆਨੀ ਹਰਭਜਨ ਸਿੰਘ ਹੋਰਾਂ ਦੇ ਇਸ ਸਬੰਧ ਵਿਚ ਲਿਖੇ ਲੇਖਾਂ ਤੋਂ ਉਨ੍ਹਾਂ ਦੀ ਇਸ ਪ੍ਰਵਾਨਗੀ ਦਾ ਸਬੂਤ ਵੀ ਮਿਲਦਾ ਹੈ ਕਿ ਮਹੱਲ ਜਾਂ ਮਹੱਲਾ ਸ਼ਬਦ ਇਸਤ੍ਰੀ ਲਿੰਗ ਨਹੀਂ, ਸਗੋਂ ਪੁਲਿੰਗ ਹੀ ਹਨ। ਫੇਰ ਕਿਵੇਂ ਮੰਨਿਆ ਜਾਵੇ ਕਿ ਇਨ੍ਹਾਂ ਦਾ ਉਚਾਰਣ ਮਹਿਲ ਜਾਂ ਮੈਹਲਾ ਠੀਕ ਹੈ।

ਆਖਰੀ ਨਤੀਜਾ = 'ਮਹੱਲਾ' ਸ਼ਬਦ ਚੂੰਕਿ ਅਰਬੀ ਜ਼ਬਾਨ ਦਾ ਹੈ, ਇਸ ਲਈ ਇਸ ਦਾ ਉਚਾਰਣ ਵੀ ਅਰਬੀ ਦੇ ਕਾਇਦੇ ਮੁਤਾਬਿਕ ਤਸ਼ਦੀਕ ਜਾਂ ਅਧਕ ਲਾ ਕੇ ਹੀ ਹੋਣਾ ਜੋਗ ਹੈ। ਇਸਦੇ ਮੁਕਾਬਲੇ 'ਮੈਹਲਾ' ਜਾਂ 'ਮਹਿਲਾ' ਨਾਂ ਦੇ ਗਲਤ ਉਚਾਰਣ ਨਿਰੇ ਮਨੋ ਕਲਪਿਤ ਹੋਣ ਕਰ ਕੇ 'ਮਹੱਲਾ' ਸ਼ਬਦ ਦੇ ਮੱਥੇ ਨਹੀ ਮੜ੍ਹਨੇ ਚਾਹੀਦੇ। ਇਹ ਤਾਂ ਠੀਕ ਉਹੋ ਗਲ ਹੈ ਜਿਵੇਂ ਜਪੁ (ਬਾਣੀ) ਵਿਚ ਆਏ ਸ਼ਬਦ 'ਮਾਤਾ ਧਰਤਿ ਮਹਤੁ' ਨੂੰ ਜੇ 'ਮਾਤਾ ਧਰਤਿ ਮਹੱਤ' ਦੀ ਥਾਂਵੇਂ 'ਮਾਤਾ ਧਰਤਿ ਮਹਿਤ' ਜਾਂ 'ਮੈਹਤ' ਪੜ੍ਹੀਏ ਤਾਂ ਪਾਠ ਗਲਤ ਹੋ ਜਾਵੇਗਾ। ਪ੍ਰਿੰਸੀਪਲ ਹਰਭਜਨ ਸਿੰਘ ਜੀ ਨੇ ਵੀ ਪ੍ਰੋ: ਸਾਹਿਬ ਸਿੰਘ ਵਾਂਗੂ 'ਮਹੱਲਾ' ਦੀ ਥਾਂਵੇਂ 'ਮਹਿਲਾ' ਜਾਂ 'ਮੈਹਲਾ' ਨਾਂ ਦੇ ਗਲਤ ਉਚਾਰਣ ਅਪਣਾ ਕੇ ਦੇਸੀ ਸ਼ਬਦ ਪਹਲਾ (ਪਹਿਲਾ), ਰਹਤ (ਰਹਿਤ), ਬਹਲਾ (ਬਹਿਲਾ), ਬਹਰਾ (ਬਹਿਰਾ), ਸਹਜੇ (ਸਹਿਜੇ) ਆਦਿ ਦੇ ਅਣ ਢੁਕਵੇਂ ਹਵਾਲੇ ਦੇ ਕੇ ਭਾਸ਼ਾ ਵਿਗਿਆਨਿਕ ਪੱਖ ਤੋਂ ਵਿਦਵਾਨਾਂ ਅੱਗੇ ਅਪਣੇ ਆਪ ਨੂੰ ਨਾ ਕੇਵਲ ਹਾਸੋ ਹੀਣਾ ਹੀ ਕੀਤਾ ਹੈ, ਸਗੋਂ ਇਸਦੇ ਨਾਲ ਹੀ ਪ੍ਰਸਿਧ ਕੋਸ਼ਕਾਰ ਐਫ. ਸਟੈਨ ਗਾਸ ਤੇ ਪਲਾਟਸ ਦੀਆਂ ਫਾਰਸੀ–ਅੰਗਰੇਜੀ ਡਿਕਸ਼ਨਰੀਆਂ ਵਿਚੋਂ ਮਹੱਲ (Mahall ਜਾਂ Mahal) ਦੇ ਸਹੀ ਪ੍ਰਮਾਣ ਦੇ ਕੇ ਉਲਟਾ ਮੇਰੇ ਪੱਖ ਨੂੰ ਹੀ ਪੁਸ਼ਟ ਕੀਤਾ ਹੈ, ਜੋ ਉਨ੍ਹਾਂ ਦੀ ਆਪੇ ਆਪਣੇ ਹੱਥੀਂ ਪੈਰ ਕੁਹਾੜਾ ਮਾਰਨ ਵਾਲੀ ਗੱਲ ਹੈ, ਤੇ ਇਸ ਤੋਂ ਉਨ੍ਹਾਂ ਦੇ 'ਮਹਿਲ' ਜਾਂ 'ਮੈਹਲਾ' ਉਚਾਰਣ ਦੀ ਪੁਸ਼ਟੀ ਉਕੀ ਹੀ ਨਹੀਂ ਹੁੰਦੀ। ਇਸ ਲਈ ਅੱਗੇ ਵਾਸਤੇ ਗੁਰਬਾਣੀ ਦੇ ਪਾਠੀਆਂ ਲਈ 'ਮਹਿਲਾ' ਜਾਂ 'ਮੈਹਲਾ' ਦੇ ਗਲਤ ਉਚਾਰਣ ਉਤੇ ਪੱਕੇ ਤੌਰ ਤੇ ਰੋਕ ਲੱਗਣੀ ਹੀ ਮੁਨਾਸਿਬ ਹੈ ਤਾਂ ਕਿ ਭਵਿੱਖ ਵਿਚ ਉਹ ਫੇਰ 'ਮਹਲਾ' ਸ਼ਬਦ ਦੇ ਸਹੀ ਉਚਾਰਣ ਸੰਬੰਧੀ ਐਵੇਂ ਵਾਧੂ ਜਿਹੇ ਮਤ ਭੇਦ ਪੈਦਾ ਕਰਕੇ ਕਿਸੇ ਗਲਤ ਫਹਿਮੀ ਵਿਚ ਨਾ ਪੈਣ।

'ਆਸਾ ਦੀ ਵਾਰ' ਦੇ ਮੁੱਢ ਵਿਚ 'ਮਹਲਾ ੧' ਦੇ ਨਾਲ ਹੀ 'ਸਲੋਕ ਭੀ ਮਹਲੇ ਪਹਿਲੇ ਕੇ' ਲਿਖ ਕੇ ਉਚਾਰਣ ਦੇ ਇਸ ਮਸਲੇ ਨੂੰ ਹੋਰ ਵੀ ਸਹੀ ਰੂਪ ਵਿਚ ਸਪੱਸ਼ਟ ਕਰ ਦਿਤਾ ਹੈ ਕਿ ਇਸ ਸ਼ਬਦ ਦਾ ਸਹੀ ਉਚਾਰਣ 'ਮਹੱਲਾ' ਹੀ ਠੀਕ ਹੈ, ਜਿਵੇਂ ਕਿ ਸਦੀਆਂ ਤੋਂ ਪ੍ਰਚਲਿਤ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਭੱਟਾਂ ਦੇ ਸਵੈਯਾਂ ਦੇ ਸਿਰਲੇਖ—'ਸਵਈਏ ਮਹਲੇ ਪਹਲੇ ਕੇ', ਸਵਈਏ ਮਹਲੇ ਦੂਜੇ ਕੇ, ਸਵਈਏ ਮਹਲੇ ਤੀਜੇ ਕੇ, ਸਵਈਏ ਮਹਲੇ ਚੌਥੇ ਕੇ, ਸਵਈਏ ਮਹਲੇ ਪੰਜਵੇ ਕੇ ਲਿਖ ਕੇ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀ

ਭਾਈ ਗੁਰਦਾਸ ਦੇ ਹੱਥਾਂ ਦੀ ਲਿਖਤ ਹੈ, 'ਮਹਲਾ' ਸ਼ਬਦ ਦੇ ਸਹੀ ਉਚਾਰਣ ਸਪੱਸ਼ਟ ਕਰਨ ਵਿਚ ਗੁਰੂ ਸਾਹਿਬ ਨੇ ਕੋਈ ਕਸਰ ਬਾਕੀ ਨਹੀਂ ਰਹਿਣ ਦਿਤੀ। ਇਸ ਲਈ ਮੰਨਣਾ ਪੈਂਦਾ ਹੈ ਕਿ 'ਮਹਲਾ' ਸ਼ਬਦ ਦਾ ਸਹੀ ਉਚਾਰਣ ਹਰੇਕ ਥਾਂਵੇਂ 'ਮਹੱਲਾ' ਹੈ, ਤੇ ਮਹਿਲਾ ਉਚਾਰਣ ਸੋਲਾਂ ਆਨੇ ਗਲਤ ਤੇ ਅਸ਼ੁੱਧ ਹੈ।

ਕਈ ਪਾਠੀ ਅਤੇ ਵਿਦਵਾਨ ਇਸ ਸ਼ਬਦ ਦਾ ਗਲਤ ਉਚਾਰਣ 'ਮਹਿਲਾ' (ਮੈਹਲਾ) ਕਰ ਕੇ ਇਸ ਦਾ ਮੁੱਢ ਅਰਬੀ ਫਾਰਸੀ ਦੀ ਥਾਂਵੇਂ ਸੰਸਕ੍ਰਿਤ ਬੋਲੀ ਨਾਲ ਜੋੜਦੇ ਹਨ, ਜੋ ਕਿਸੇ ਹਾਲਤ ਵਿਚ ਵੀ ਸੰਭਵ ਤੇ ਮੁਮਕਿਨ ਸਾਬਿਤ ਨਹੀਂ ਹੁੰਦਾ। ਉਹ ਸੱਜਨ ਅਪਣੇ ਇਸ ਅਯੋਗ ਪੱਖ ਦੀ ਪੁਸ਼ਟੀ ਲਈ ਗੁਰੂ ਸਾਹਿਬ ਦੇ ਭਗਤੀ ਭਾਵ ਨੂੰ ਵੈਸ਼ਣਵਾਂ ਦੀ ਰਾਧਾ ਵੱਲਭੀ ਸੰਪ੍ਰਦਾਇ ਦੇ ਭਗਤੀ ਭਾਵ ਨਾਲ ਜੋੜਦੇ ਹਨ ਤੇ ਇਸ ਤਰ੍ਹਾਂ ਪਾਰਬ੍ਰਹਮ ਪਰਮੇਸਰ (ਵਾਹਿਗੁਰੂ) ਨੂੰ ਸਾਕਾਰ (ਸਰਗੁਣ) ਰੂਪ ਵਿਚ ਇਕ ਪ੍ਰਮੁਖ ਨਾਇਕ ਤੇ ਖੁਦ ਗੁਰੂ ਸਾਹਿਬ ਆਪਣੇ ਆਪ ਨੂੰ ਉਸ ਦੀ ਪ੍ਰੇਮਕਾ ਦੇ ਰੂਪ ਵਿਚ ਨਾਇਕਾ ਕਲਪਦੇ ਹਨ, ਜੋ ਕਿ ਇਕ ਮਹਾਨ ਅਣਢੁਕਵੀਂ ਤੇ ਅਯੋਗ ਕਲਪਨਾ ਹੈ, ਕਿਉਂਕਿ ਜੇ ਇਸ ਤਰ੍ਹਾਂ ਗੁਰੂ ਨਾਨਕ ਤੇ ਹੋਰ ਸਿਖ ਗੁਰੂ ਆਪਣੇ ਆਪ ਨੂੰ ਉਸ ਪ੍ਰੀਤਮ ਦੀ ਮਹਿਲਾ, ਨਾਇਕਾ ਅਥਵਾ ਪ੍ਰੇਮਿਕਾ ਮੰਨਦੇ ਹੁੰਦੇ ਤਾਂ ਆਸਾ ਦੀ ਵਾਰ ਵਿਚ 'ਸਲੋਕ ਭੀ ਮਹਲੇ ਪਹਿਲੇ ਕੇ (ਪੁਲਿੰਗ) ਤੋਂ ਹਟ ਕੇ ਇਹ ਪਾਠ ਸਲੋਕ ਭੀ ਲਿਖੇ ਮਹਲਾ ਪਹਿਲੀ ਕੇ' (ਇਸਤ੍ਰੀ ਲਿੰਗ) ਰੂਪ ਵਿਚ ਅਵੱਸ਼ ਲਿਖਦੇ, ਪਰ ਇਥੇ ਇਹ ਤਰੀਕਾ ਉਨ੍ਹਾਂ ਨੇ ਅਪਨਾਇਆ ਨਹੀਂ। ਏਸੇ ਤਰ੍ਹਾਂ ਜੇ ਉਹ ਇਸ ਤੋਂ ਅੱਗੇ ਭੱਟਾਂ ਦੇ ਸਵੱਈਆਂ ਦੇ ਮੁੱਢ ਵਿਚ 'ਮਹਲੇ ਪਹਲੇ ਕੇ, ਮਹਲੇ ਦੂਜੇ ਕੇ' ਆਦਿ ਦੀ ਥਾਂਵੇਂ 'ਮਹਲਾ ਪਹਲੀ ਕੇ, ਮਹਲਾ ਦੂਜੀ ਕੇ' ਆਦਿ ਪਾਠ ਕਰ ਦੇਂਦੇ ਤਾਂ 'ਮਹੱਲੇ' ਦੀ ਥਾਂਵੇਂ 'ਮਹਿਲਾ' ਸ਼ਬਦ ਦੇ ਉਚਾਰਣ ਦੀ ਤਸਦੀਕ ਹੋ ਸਕਦੀ ਸੀ, ਪਰ ਉਥੇ 'ਮਹਲੇ ਪਹਲੇ ਕੇ, ਮਹਲੇ ਦੂਜੇ ਕੇ' ਆਦਿ ਪਾਠ ਹੋਣ ਕਰਕੇ ਉਨ੍ਹਾਂ ਦਾ ਮਹਿਲਾ ਉਚਾਰਣ ਸੰਬੰਧੀ ਇਹ ਦਾਵਾ ਵੀ ਆਪਣੇ ਆਪ ਖਾਰਿਜ ਹੋ ਜਾਂਦਾ ਹੈ, ਇਸ ਲਈ ਇਹ ਮੰਨਣਾ ਪੈਂਦਾ ਹੈ ਕਿ ਇਸ ਸ਼ਬਦ ਦਾ ਸਹੀ ਉਚਾਰਣ 'ਮਹੱਲਾ' ਹੀ ਠੀਕ ਹੈ ਤੇ 'ਮਹਿਲਾ' ਕਿਸੇ ਪੱਖੋਂ ਵੀ ਉਚਿਤ ਸਾਬਿਤ ਨਹੀਂ ਹੁੰਦਾ।

ਇਸ ਤੋਂ ਅੱਗੇ ਮਹੱਲਾ ਦਾ ਅਰਥ ਗੁਰੂ ਗ੍ਰੰਥ ਸਾਹਿਬ ਵਿਚੋਂ ਗੁਰੂ ਅਵਤਾਰ ਕਿਵੇਂ ਸਿੱਧ ਹੁੰਦਾ ਹੈ, ਇਸ ਸਬੰਧ ਵਿਚ ਕੁਝ ਪ੍ਰਮਾਣ =
ਜੋਤਿ ਓਹਾ ਜੁਗਤਿ ਸਾਇ ਸਹਿ ਕਾਂਇਆ ਫੇਰਿ ਪਲਟੀਐ (੯੬੬)। ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ (੯੬੮)।

ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ। ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ। ...ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ (੧੩੯੫)। ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ। ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ(੧੪੦੮)। ਨਿਰੰਕਾਰ ਨੇ ਅਪਣੀ ਜੋਤਿ ਥਾਪ ਕੇ ਗੁਰੂ ਨਾਨਕ ਦੇਵ ਜੀ ਨੂੰ ਇਸ ਸੰਸਾਰ ਵਿਚ ਭੇਜਿਆ ਤੇ ਫਿਰ ਅੱਗੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਓਹੋ ਜੋਤਿ ਗੁਰੂ ਅੰਗਦ ਦੇਵ ਵਿਚ ਰੱਖੀ ਅਤੇ ਉਨ੍ਹਾਂ ਤੋਂ ਬਾਦ ਦੇ ਸਾਰੇ ਗੁਰੂ ਸਾਹਿਬਾਨਾਂ ਵਿਚ ਇਕ ਅਕਾਲ ਪੁਰਖ ਦੀ ਜੋਤਿ ਵਿਆਪ ਰਹੀ ਸੀ। ਉਨ੍ਹਾਂ ਨੇ ਕਦੇ ਵੀ ਇਕ ਅਕਾਲ ਪੁਰਖ ਨੂੰ ਛਡ ਕੇ ਉਸਦਾ ਕੋਈ ਵੀ ਹੋਰ ਰੂਪ ਨਹੀ ਅਪਣਾਇਆ ਤੇ ਨਾ ਹੀ ਵੈਸ਼ਣਵਾਂ ਤੇ ਸੂਫੀ ਫਕੀਰਾਂ ਵਾਂਙ ਸਖੀ ਭਾਵ ਦੀ ਭਗਤੀ ਨੂੰ ਕੋਈ ਥਾਂ ਦਿਤੀ, ਨਾਂ ਹੀ ਉਨ੍ਹਾਂ ਨੇ ਆਪ ਜਾਂ ਅਪਣੇ ਤੋਂ ਬਾਦ ਦੇ ਕਿਸੇ ਗੁਰੂ ਜੀ ਨੂੰ ਪ੍ਰੇਮਕਾ ਦੇ ਰੂਪ ਵਿਚਰਨ ਦੀ ਖੁਲ੍ਹ ਦਿਤੀ। ਫਿਰ ਵੀ ਗੁਰੂ ਬਾਣੀ ਵਿਚ ਜੇ ਕਿਤੇ ਉਨ੍ਹਾਂ ਨੇ ਜੀਵ ਰੂਪ ਪ੍ਰੇਮਿਕਾ ਦੇ ਪ੍ਰੇਮ ਭਾਵ ਨੂੰ ਅਨਜ ਪੁਰਖ ਵਿਚ ਦਰਸਾਇਆ ਹੈ ਤਾਂ ਇਕ ਪ੍ਰਕਾਰ ਦਾ ਸਾਹਿਤਕ ਲਿਖਣ ਢੰਗ ਹੈ, ਪਰ ਇਹ ਵੈਸ਼ਣਵਾਂ ਵਾਲੀ ਪ੍ਰੇਮਾ ਭਗਤੀ ਨਹੀ ਹੈ। ਗੁਰਮਤ ਦੀ ਰੁਹਾਨੀਅਤ ਨੂੰ ਵੈਸ਼ਣਵਾਂ ਜਾਂ ਸੂਫੀਆਂ ਵਾਲੀ ਨਾਇਕ ਅਤੇ ਨਾਇਕਾ ਦੀ ਪ੍ਰੇਮਾ ਭਗਤੀ ਨਾਲ ਮਿਲਾਉਣਾ ਕਿਸੇ ਤਰ੍ਹਾਂ ਵੀ ਵਾਜਬ ਨਹੀ।

ਸਿੱਖ ਰੈਫਰੈਂਸ ਲਾਇਬਰੇਰੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ (੧੯੮੪ ਦੇ ਘੱਲੂਘਾਰੇ ਤੋਂ ਪਹਿਲਾਂ) ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਚਾਰ ਹੱਥ ਲਿਖਤ ਗ੍ਰੰਥ ਸਨ, ਜਿਨ੍ਹਾਂ ਵਿਚ ਵਾਰ ੧, ਪਉੜੀ ੪੮ ਦੀ ਇਹ ਪੰਗਤੀ ਨਿਮਨ ਲਿਖਤ ਅਨੁਸਾਰ ਸੀ =

੧. ਪੁਛਨਿ ਸਿਖ ਅਰਦਾਸਿ ਕਰ ਛਿਅ ਮਹਲਾ ਤਕਿ ਦਰਸੁ ਨਿਹਾਰੀ ॥ (ਹੱਥ ਲਿਖਤ ਪੱਤ੍ਰਾ ੧੩, ਨੰਃ ੭੩੯)।
੨. ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾ ਤਕਿ ਦਰਸੁ ਨਿਹਾਰੀ ॥ (ਹੱਥ ਲਿਖਤ ਪੱਤ੍ਰਾ ੨੦, ਨੰਃ ੧੩੬੧)।
੩. ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾ ਤਕ ਦਰਸੁ ਨਿਹਾਰੀ ॥ (ਹੱਥ ਲਿਖਤ ਪੱਤ੍ਰਾ ੨੪, ਨੰਃ ੨੮੮੮)।
੪. ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾ ਤਕਿ ਦਰਸੁ ਨਿਹਾਰੀ ॥ (ਹੱਥ ਲਿਖਤ ਪੱਤ੍ਰਾ ੫੬੫, ਨੰਃ ੭੩੯੩)।

ਗੁਰੂ ਗ੍ਰੰਥ ਸਾਹਿਬ ਵਿਚ 'ਮਹਲੁ ਜਾਂ ਮਹਲਾ' ਲਫਜ਼ ਦੇ ਹਾਹੇ ਨੂੰ ਸਿਹਾਰੀ ਕਿਤੇ ਨਹੀਂ ਲਗੀ ਹੋਈ ਅਤੇ ਭਾਈ ਗੁਰਦਾਸ ਜੀ ਦੀਆਂ ਪੁਰਾਤਨ ਹੱਥ ਲਿਖਤ ਵਾਰਾਂ ਵਿਚ ਵੀ 'ਮਹਲੁ ਜਾਂ ਮਹਲਾ' ਦੇ ਹਾਹੇ ਨੂੰ ਸਿਹਾਰੀ ਵਾਲਾ ਲਫਜ਼ ਕਿਤੇ ਨਹੀਂ ਮਿਲਦਾ। ਭਾਈ ਗੁਰਦਾਸ ਜੀ ਦੀਆਂ ਛਾਪੇਖਾਨੇ ਵਿਚ ਛਪੀਆਂ ਹੋਈਆਂ ਵਾਰਾਂ ਵਿਚ ਹੀ 'ਮਹਲਾ' ਸ਼ਬਦ ਦੇ ਹਾਹੇ ਨੂੰ ਸਿਹਾਰੀ ਲਗੀ ਹੋਈ ਮਿਲਦੀ ਹੈ। ਇਹ ਜਾਂ ਤਾਂ ਛਾਪੇਖਾਨੇ ਵਿਚ ਅੱਖਰ ਲਗਾਉਣ ਵਾਲਿਆਂ ਕੋਲੋਂ ਗਲਤੀ ਹੋਈ ਹੈ ਜਾਂ ਪਰੂਫ ਰੀਡਿੰਗ ਦੀ ਗਲਤੀ ਮੰਨਣੀ ਪਵੇਗੀ ਜਾਂ ਕਿਸੇ ਨੇ 'ਮਹਲਾ' ਸ਼ਬਦ ਨੂੰ 'ਮਹਿਲਾ' ਸਿੱਧ ਕਰਨ ਲਈ ਹਾਹੇ ਨੂੰ ਜਾਣ ਬੁਝ ਕੇ ਸਿਹਾਰੀ ਲਾਈ ਹੈ, ਕਿਉਂਕਿ ਪੁਰਾਤਨ ਹੱਥ ਲਿਖਤ ਪੁਸਤਕਾਂ ਵਿਚ ਕਿਤੇ ਵੀ 'ਮਹਲਾ' ਸ਼ਬਦ ਨੂੰ ਸਿਹਾਰੀ ਲਾ ਕੇ ਲਿਖਣ ਦਾ ਰਿਵਾਜ ਨਹੀਂ ਸੀ।

ਗੈਰ ਸਿੱਖ ਖੋਜੀ ਲੇਖਕ ਮੁਹਸਨ ਫਾਨੀ ਕਾਫੀ ਸਮਾਂ ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਬਾਰ ਵਿਚ ਰਿਹਾ, ਅਪਣੀ ਫਾਰਸੀ ਦੀ ਕਿਤਾਬ 'ਦਬਿਸਤਾਨਿ-ਮਜ਼ਾਹਿਬ' ਦੇ ਸਫਾ ੨੨੫ ਤੇ ਲਿਖਦਾ ਹੈ ਃ—

ਸਾਰੇ ਸਿੱਖ ਗੁਰੂ ਨਾਨਕ ਨੂੰ ਮਹੱਲ ਅੱਵਲ, ਗੁਰੂ ਅੰਗਦ ਨੂੰ ਮਹੱਲ ਸਾਨੀ (ਦੂਜਾ) ਸਮਝਦੇ ਹਨ। ....ਸਿੱਖਾਂ ਦੇ ਅਕੀਦੇ ਮੁਤਾਬਿਕ ਜੋ ਲੋਕ ਗੁਰੂ ਅਰਜਨ ਨੂੰ ਗੁਰੂ ਨਾਨਕ ਦਾ ਰੂਪ ਨਹੀਂ ਮੰਨਦੇ ਉਹ ਮਨਮੁਖ ਅਥਵਾ ਕਾਫਿਰ ਹਨ। ਪ੍ਰਸਿਧ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਜੀ ਨੇ ਉਪਰੋਕਤ ਸਿੱਖਾਂ ਸੰਬੰਧੀ ਕਿਤਾਬ 'ਦਬਿਸਤਾਨਿ-ਮਜ਼ਾਹਿਬ' ਦੇ ਅੰਗਰੇਜੀ ਅਨੁਵਾਦ (Nanak panthies, page 9, published in 1940) ਵਿਚ ਹਰੇਕ ਜਗ੍ਹਾ ਮਹੱਲ Mahal ਹੀ ਲਿਖਿਆ ਹੈ ਤੇ ਮਹਿਲ ਜਾਂ ਮੈਹਲਾ ਕਿਤੇ ਨਹੀਂ ਲਿਖਿਆ।

ਅਰਬੀ ਫਾਰਸੀ ਦੇ ਵਿਦਵਾਨਾਂ ਵਾਂਙ ਹੀ ਇੰਗਲਿਸ਼ ਦੇ ਪ੍ਰਸਿੱਧ ਵਿਦ੍ਵਾਨ Dr. Ernest Trumpp ਲਿਖਦੇ ਹਨ ਃ—

Mahala (Mahalla) always denotes the authership of a piece, as Mahala pahila, the first quartier—baba Nanak, Mahala duja—Anged, etc, (Adi Granth, 1877, p.14)।

ਇਸੇ ਤਰ੍ਹਾਂ ਮਿਸਟਰ ਮੈਕਸ ਆਰਥਰ ਮੈਕਾਲਿਫ ਆਪਣੀ ਪੁਸਤਕ The Sikh Religion, Vol. 1 ਦੇ 2nd page L, ਪਰ ਲਿਖਦੇ ਹਨ =

......The first nine Gurus adopted the name Nanak as their nom de plume, and their compositons are distinguished by Mahallas....Thus the compositions of Guru Nanak are styled Mahalla one, that is the first word,.....

ਗੁਰੂ ਨਾਨਕ ਦੇਵ ਜੀ ਹਿੰਦੂ, ਮੁਸਲਮਾਨਾਂ ਆਦਿ ਸਭ ਧਰਮਾਂ ਦੇ ਸਾਂਝੇ ਸਨ, ਉਨ੍ਹਾਂ ਨੇ ਆਪਣੀ ਬਾਣੀ ਵਿਚ ਹਿੰਦੂ ਮੁਸਲਮਾਨਾਂ ਆਦਿ ਦੀਆਂ ਜ਼ਬਾਨਾਂ ਦੀ ਵਰਤੋਂ ਕਰਨ ਤੋਂ ਕੋਈ ਸੰਕੋਚ ਨਹੀਂ ਕੀਤਾ, ਕਿਉਂਕਿ ਉਨ੍ਹਾਂ ਦੇ ਮਨ ਵਿਚ ਕਿਸੇ ਜ਼ਬਾਨ ਪ੍ਰਤੀ ਕੋਈ ਨਫਰਤ ਨਹੀਂ ਸੀ। ਇਸ ਲਈ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਗੱਦੀ ਨਸ਼ੀਨਾਂ ਨੇ ਵੱਖ ਵੱਖ ਸਰੂਪਾਂ ਦੇ ਬਵਜੂਦ ਆਪਣੇ ਆਪ ਨੂੰ ਇਕੋ ਜੋਤਿ ਦਸਣ ਲਈ ਜੇ ਅਰਬੀ ਬੋਲੀ ਦਾ ਸ਼ਬਦ 'ਮਹੱਲਾ' ਵਰਤਿਆ ਹੈ ਤਾਂ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਪਰ ਵੀਹਵੀਂ ਸਦੀ ਦੇ ਕੁਝ ਨਵੀਂ ਵਿਚਾਰਧਾਰਾ ਵਾਲੇ ਸਿੱਖਾਂ ਨੇ ਐਵੇਂ ਫਜ਼ੂਲ ਸ਼ੰਕੇ ਪੈਦਾ ਕਰ ਲਏ, ਜਿਸ ਕਰਕੇ ਉਨ੍ਹਾਂ ਨੇ 'ਮਹੱਲਾ' ਸ਼ਬਦ ਦਾ ਗਲਤ ਤੇ ਅਸ਼ੁੱਧ ਉਚਾਰਣ ਮਹਿਲਾ ਜਾਂ ਮੈਹਲਾ ਸ਼ੁਰੂ ਕਰ ਦਿਤਾ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਨ ਲਈ ਬਨਾਰਸ ਭੇਜਿਆ ਸੀ, ਉਹ ਉਥੇ ਸੰਸਕ੍ਰਿਤ ਪੜ੍ਹ ਕੇ ਨਿਰਮਲ ਸੰਪ੍ਰਦਾਇ ਦੇ ਮੋਢੀ ਬਣੇ। ਨਿਰਮਲ ਸੰਪ੍ਰਦਾਇ ਦੇ ਮੋਢੀਆਂ ਤੋਂ ਢੇਰ ਚਿਰ ਪਿਛੋਂ ਦਾ ਸਾਹਿਤ ਪੜ੍ਹਨ ਤੋਂ ਪਤਾ ਚਲਦਾ ਹੈ ਕਿ ਹੌਲੀ ਹੌਲੀ ਨਿਰਮਲੇ ਸੰਤਾਂ ਨੇ ਅਰਬੀ ਫਾਰਸੀ ਦੀ ਵਿਰੋਧਤਾ ਅਤੇ ਸੰਸਕ੍ਰਿਤ ਦਾ ਪੱਖ ਕਰਨਾ ਸ਼ੁਰੂ ਕਰ ਦਿਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸੰਮਤ ੧੯੪੮ (ਸੰਨ ੧੮੯੧ ਈ.) ਵਿਚ ਪਟਿਆਲਾ ਨਿਵਾਸੀ ਪੰਡਤ ਤਾਰਾ ਸਿੰਘ ਨਰੋਤਮ ਨੇ ਆਪਣੇ ਗ੍ਰੰਥਾਂ (ਗੁਰਮਤਿ ਨਿਰਣਯ ਸਾਗਰ ਅਤੇ ਗੁਰੂ ਗਿਰਾਰਥ ਕੋਸ਼) ਵਿਚ ਪਹਿਲੀ ਵਾਰ 'ਮਹੱਲਾ' (ਪੁਲਿੰਗ-ਅਰਬੀ) ਸ਼ਬਦ ਦੇ 'ਮਹਿਲਾ' (ਇਸਤ੍ਰੀ ਲਿੰਗ-ਸੰਸਕ੍ਰਿਤ) ਕਲਪਿਤ ਉਚਾਰਣ ਲਿਖ ਕੇ ਗਲਤ ਅਰਥ ਕੀਤੇ। ਹੇਠਾਂ ਉਨ੍ਹਾਂ ਦੀ ਲਿਖਤਾਂ ਦੇ ਉਦਾਹਣ ਹਨ =

੧. ਮਹਲਾ ਨਿਰਣੈ ਕ੍ਰਿਤ ਅਹੈ, ਕੋਸ਼ ਰੀਤਿ ਸੇ ਜਾਨ। ਯਾ ਤੇ ਮਹਲਾ ਕੋਸ਼ ਮੈ, ਨਾਮ ਨਾਰਿ ਕੋ ਭਾਨ।੩੬।
ਔ ਗੁਰੁ ਜੁ ਸਖੀ ਭਾਵਤਾ, ਕਹੀ ਹਰੀ ਕੇ ਸਾਥ। ਯਾ ਤੇ ਮਹਲਾ ਪਾਠ ਹੀ ਨਿਰਣੈ ਸਮਝੋ ਤਾਥ।੩੭।....
(ਗੁਰਮਤਿ ਨਿਰਣੈ ਸਾਗਰ, ਉਰਮੀ ੨੩)।

੨. ਸ਼੍ਰੀ ਆਦਿ ਗ੍ਰੰਥ ਜੀ ਮੈ ਮਹਲ ਪਹਲਾ, ਮਹਲ ਦੂਜਾ ਆਦਿਕ ਪਾਠੋਂ ਮੇਂ ਇਸਤ੍ਰੀ ਭਾਵ ਕਾ ਕਥਨ ਹੈ ਕਿਉਂਕਿ ਆਦਿ ਗ੍ਰੰਥ ਜੀ ਮੇਂ ਸਖੀ-ਭਾਵ ਕਾ ਬਰਣਨ ਹੈ। ਸਖੀ-ਭਾਵ ਕੀ ਭਾਵਨਾ ਸੇ ਹੀ ਬਾਨੀ ਰਚਨਾ ਕਰਤੇ ਸਮੇਂ ਗੁਰੋਂ ਨੇ ਅਪਨੇ ਕੋ ਮਹਲਾ ਲਿਖਾ ਹੈ....

ਇਸੇ ਕਾਰਣ ਪੰਡਤ ਤਾਰਾ ਸਿੰਘ ਨਰੋਤਮ ਦੀ ਵਿਆਖਿਆ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਤੋਂ ਪਿਛੋਂ ਹੋਏ ਲੇਖਕਾਂ ਡਾਕਟਰ ਚਰਨ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਆਦਿ ਨੇ ਵੀ 'ਮਹੱਲਾ' ਸ਼ਬਦ ਦਾ 'ਮਹਿਲਾ' ਰੂਪ ਵਿਚ ਗਲਤ ਉਚਾਰਣ ਦਸ ਕੇ ਇਸਦੇ ਸਹੀ ਹੋਣ ਦੀ ਪੁਸ਼ਟੀ ਕਰ ਦਿਤੀ ਤੇ ਉਹ ਇਸ ਤਰ੍ਹਾਂ ਇਕ ਗਲਤੀ ਉਪਰ ਹੋਰ ਦੂਹਰੀ ਗਲਤੀ ਕਰਨ ਦੇ ਭਾਗੀ ਬਣੇ ਹਨ।

ਸੰਸਕ੍ਰਿਤ ਦੇ ਹਲਾਯੁਧ ਕੋਸ਼ ਵਿਚ ਇਸਤ੍ਰੀਆਂ ਦੇ ਅਨੇਕਾਂ ਨਾਮ ਅਵਲਾ, ਮਹਿਲਾ, ਲਲਨਾ, ਪ੍ਰਮਦਾ, ਰਮਣੀ, ਨਿਤੰਬਿਨੀ, ਬਨਿਤਾ ਆਦਿ ਆਏ ਹਨ, ਪਰ ਮਹਿਲਾ ਦੀ ਥਾਂਵੇਂ 'ਮਹਲਾ' ਕਿਤੇ ਨਹੀਂ ਲਿਖਿਆ ਮਿਲਦਾ। ਇਸੇ ਤਰ੍ਹਾਂ ਦੇ ਹੋਰ ਕੋਸ਼ ਅਭਿਧਾਨ ਚਿੰਤਾਮਣੀ, ਮੇਦਨੀ ਕੋਸ਼, ਅਮਰ ਕੋਸ਼ ਆਦਿ ਹੋਰ ਵੀ ਅਨੇਕਾਂ ਕੋਸ਼ਾ ਵਿਚ ਮਹਿਲਾ ਨੂੰ 'ਮਹਲਾ' ਕਿਤੇ ਵੀ ਨਹੀਂ ਲਿਖਿਆ ਮਿਲਦਾ। ਹਾਂ ਅਰਬੀ ਸ਼ਬਦ ਕੋਸ਼ਾਂ ਵਿਚ 'ਮਹਲਾ' ਸ਼ਬਦ ਦੇ ਮਹੱਲਾ ਅਤੇ ਮਹੱਲ ਦੋਵੇਂ ਰੂਪ ਮਿਲਦੇ ਹਨ। ਇਸ ਲਈ ਮਹਲਾ ਦਾ ਉਚਾਰਣ ਮਹੱਲਾ ਹੀ ਹੋਣਾ ਚਾਹੀਦਾ ਹੈ, ਮਹਿਲਾ ਜਾਂ ਮੈਹਲਾ ਹਰ ਗਿਜ਼ ਨਹੀ।

ਬਾਕੀ ਇਹ ਦਲੀਲ ਦੇਣੀ ਕਿ ਮਹੱਲ ਜਾਂ ਮਹੱਲਾ ਦਾ ਉਚਾਰਣ ਪਹਲ ਜਾਂ ਪਹਲਾ, ਰਹਤ, ਬਹਤ, ਬਹਲੇ, ਸਹਜ, ਟਹਲ ਆਦਿ ਵਾਂਙ

ਹੋਣਾ ਚਾਹੀਦਾ ਹੈ, ਇਹ ਰਾਇ ਆਮ ਪਾਠਕਾਂ ਲਈ ਗੁਮਰਾਹ ਕਰਨ ਵਾਲੀ ਹੈ, ਕਿਉਂਕਿ ਮਹਲ ਜਾਂ ਮਹਲਾ ਅਰਬੀ ਲਫਜ਼ ਹਨ ਅਤੇ ਬਾਕੀ ਸਾਰੇ ਦੇ ਸਾਰੇ ਸ਼ਬਦ ਵੱਖੋਂ ਵੱਖ ਜ਼ਬਾਨਾਂ ਦੇ ਹਨ। ਉਪਰ ਲਿਖੇ ਪਹਲ, ਪਹਰ, ਰਹਤ ਆਦਿ ਸ਼ਬਦ 'ਮਹੱਲਾ' ਸ਼ਬਦ ਨੂੰ ਗਲਤ ਤਰੀਕੇ ਨਾਲ ਮਹਿਲ ਜਾਂ ਮਹਿਲਾ ਸਾਬਤ ਕਰਨ ਲਈ ਪੇਸ਼ ਕੀਤੇ ਗਏ ਹਨ।

ਪ੍ਰਸਿੱਧ ਲੇਖਕ ਸ਼ਮਸ਼ੇਰ ਸਿੰਘ ਅਸ਼ੋਕ ਦੀ ਪੁਸਤਕ, (ਗੁਰਬਾਣੀ ਦਾ 'ਮਹੱਲਾ' ਸ਼ਬਦ ਤੇ ਇਸ ਦਾ ਸਹੀ ਉਚਾਰਣ) ਵਿਚੋਂ ਕੁਝ ਅੰਸ਼)

ਗੁਰੂ ਸਾਹਿਬਾਨ ਨਿਰੰਕਾਰ ਸਰੂਪ ਸਨ ਭਾਵਪੂਰਨ ਪੁਰਖ ਰੂਪ ਸਨ, ਇਸਤ੍ਰੀ ਰੂਪ ਨਹੀਂ ਸਨ, ਜਿਵੇਂ ਹੇਠ ਲਿਖੇ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ =

੧. ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ (ਭਾ.ਗੁ. ਵਾਰ ੧-੩੫)।
੨. ਆਪਿ ਨਾਰਾਇਣੁ ਕਲਾ ਧਾਰਿ, ਜਗ ਮਹਿ ਪਰਵਰਿਯਉ (੧੩੯੫)।
੩. ਜੋਤਿ ਰੂਪਿ ਹਰਿ ਆਪਿ, ਗੁਰੂ ਨਾਨਕੁ ਕਹਾਯਉ (੧੪੦੮)।
੪. ਗੁਰੁ ਅਰਜੁਨੁ ਪਰਤਖੵ ਹਰਿ (੧੪੦੯)।
੫. ਮਾਨੁਖ ਕਾ ਕਰਿ ਰੂਪੁ ਨਾ ਜਾਨੁ (੮੯੫)।
੬. ਪੁਰਖੈ ਸੇਵਹਿ ਸੇ ਪੁਰਖ ਹੋਵਹਿ, ਜਿਨੀ ਹਉਮੈ ਸਬਦਿ ਜਲਾਈ (੫੯੨)।

ਵਾਸਤਵ ਵਿਚ ਨਿਰੰਕਾਰ ਨਾ ਨਰ ਰੂਪ ਹੈ ਅਤੇ ਨਾ ਹੀ ਨਾਰੀ ਰੂਪ ਹੈ, ਜਦ ਉਸਦਾ ਕੋਈ ਲਿੰਗ ਹੀ ਨਹੀਂ ਤਾਂ ਨਿਰੰਕਾਰ ਸਰੂਪ ਗੁਰੂ ਸਾਹਿਬਾਨਾਂ ਨੂੰ ਇਸਤ੍ਰੀ ਰੂਪ ਵਿਚ ਕਿਉਂ ਵਰਨਣ ਕੀਤਾ ਜਾਵੇ? ਅਕਾਲ ਪੁਰਖ ਨੂੰ ਸੇਵਨ ਵਾਲਾ ਉਸਦਾ ਹੀ ਰੂਪ ਹੋ ਜਾਂਦਾ ਹੈ।

ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਲਾ' ਪਦ ਬਾਰੇ ਅਰਥ =

ਮਹਲ. ਮਹਲੁ: (ਅਰਬੀ). ਮਹਲ. ਸੰਗਯਾ-ਹਲੂਲ (ਉਤਰਨ) ਦੀ ਥਾਂ. ਘਰ. ਰਹਣ ਦਾ ਅਸਥਾਨ. ਪਾਸਾਦ।੨. ਭਾਵ-ਅੰਤਹਕਰਣ. 'ਮਹਲ ਮਹਿ ਬੈਠੇ ਅਗਮ ਅਪਾਰ'(ਮਲਾ:ਮ.੧). ੩.ਮੌਕਅ. ਯੋਗਜ ਸਮਾਂ. 'ਮਹਲੁ ਕੁਮਹਲੁ ਨ ਜਾਣਨੀ ਮੂਰਖ ਆਪਣੈ ਸੁਆਇ' (ਮ.੩, ਵਾਰ ਸੋਰ). ੪.ਅਸਥਾਨ. ਜਗ੍ਹਾ. ਥਾਂ. 'ਏਕ ਮਹਲਿ ਤੂ ਪੰਡਿਤ ਬਕਤਾ ਏਕ ਮਹਲਿ ਖਲੁ ਹੋਤਾ' (ਗਉ ਮ.੫). ੫.ਨਿਜ ਪਦ. ਨਿਰਵਾਣ. 'ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ' (ਸ੍ਰੀ ਮ.੩). ੬. ਅਧਿਕਾਰ. ਪਦਵੀ. ਰੁਤਬਾ.'ਟਹਲ ਮਹਲ ਤਾਕਉ ਮਿਲੈ ਜਾਕਉ ਸਾਧੁ ਕ੍ਰਿਪਾਲੁ'(ਬਾਵਨ). ੭.ਨਿਵਾਸ. ਇਸਥਿਤੀ 'ਹਰਿ ਮਹਲੀ ਮਹਲੁ ਪਾਇਆ'(ਮਾਰੂ ਮ.੫).'ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ'(ਸੋਹਿਲਾ). ੮.ਦਬਿਸ੍ਤਾਨੇ ਮਜ਼ਾਹਬ ਦਾ ਕਰਤਾ ਲਿਖਦਾ ਹੈ ਕਿ ਹਲੂਲ (ਅ.) ਦਾ ਥਾਂ ਮਹਲ ਹੈ, ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਾਨਸ਼ੀਨ ਮਹਲ ਕਹੇ ਜਾਂਦੇ ਹਨ ਕਿ ਇਕ ਗੁਰੂ ਆਪਣੇ ਤਾਂਈਂ ਦੂਜੇ ਵਿਚ ਹਲੂਲ (ਉਤਰਦਾ) ਹੈ ਭਾਵ ਲੀਨ ਕਰਦਾ ਹੈ।੯. ਮਹਲਾ (ਇਸਤ੍ਰੀ) ਲਈ ਭੀ ਮਹਲ ਸ਼ਬਦ ਆਇਆ ਹੈ.'ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕੁਸੁਧ' (ਮ.੧, ਵਾਰ ਮਾਰੂ ੧)।

ਮਹਲਾ: ਸੰਗਯਾ-ਮਹਿਲ ਵਿਚ ਰਹਿਣ ਵਾਲੀ. ਨਾਰੀ. ਇਸਤ੍ਰੀ. ੨.ਭਾਰਯਾ.ਪਤਨੀ 'ਗੜ ਮੰਦਰ ਮਹਲਾ ਕਹਾਂ?' (ਓਅੰਕਾਰ). ੩. ਦੇਖੋ ਮਹਲ ੧ ਅਤੇ ੮. ਗੁਰਬਾਣੀ ਵਿਚ ਸਤਿਗੁਰਾਂ ਨੇ ਆਪਣੇ ਲਈ ਮਹਲਾ ਸ਼ਬਦ ਵਰਤਿਆ ਹੈ, ਮਹਲਾ ਦੇ ਅੰਤ ਜੋ ਅੰਗ ਹੋਵੇ ਉਸ ਤੋਂ ਗੁਰੂ ਸਾਹਿਬ ਦਾ ਨਾਮ ਜਾਣਨਾ ਚਾਹੀਏ, ਜਿਵੇਂ ਮਹਲਾ ੧. ਸ੍ਰੀ ਗੁਰੂ ਨਾਨਕ ਦੇਵ ਜੀ, ਮਹਲਾ ੯. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਦਿ।

ਮਹੱਲਾ: (ਅ.).ਮਹੱਲਹ. ਸੰਗਯਾ-ਜਿਸ ਥਾਂ ਨੂੰ ਫਤੇ ਕਰਕੇ ਜਾ ਉਤਰੀਏ. ਹਲੂਲ ਦੀ ਥਾਂ ਅਥਵਾ ਦੌੜਨ ਦਾ ਅਸਥਾਨ।

ਇਤਨੇ ਵਿਸਥਾਰ ਵਿਚ ਲਿਖਣ ਨਾਲ ਇਹ ਗੱਲ ਸਾਹਮਣੇ ਆਉਂਦੀ ਹੈ ਕਿ 'ਮਹਲਾ' ਸ਼ਬਦ ਦਾ ਸਹੀ ਅਤੇ ਸ਼ੁੱਧ ਉਚਾਰਣ 'ਮਹੱਲਾ' ਹੀ ਹੈ, ਜੋ ਸਦੀਆਂ ਤੋਂ ਚਲਿਆ ਆ ਰਿਹਾ ਹੈ।ਮਹਲਾ ਸ਼ਬਦ ਪੁਲਿੰਗ ਹੈ, ਇਸਤ੍ਰੀ ਲਿੰਗ ਨਹੀ ਅਤੇ ਨਾ ਹੀ ਮਹਲਾ ਸ਼ਬਦ ਨੂੰ ਮਹਿਲਾ ਜਾਂ ਮੈਹਲਾ ਰੂਪ ਵਿਚ ਉਚਾਰਿਆ ਜਾਣਾ ਚਾਹੀਦਾ ਹੈ।

ਰਹਾਉ= ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰੇਕ ਸ਼ਬਦ ਅਤੇ ਅਸ਼ਟਪਦੀਆਂ ਵਿਚ 'ਰਹਾਉ' ਜਰੂਰ ਆਉਂਦਾ ਹੈ, ਅਤੇ ਇਹ ਠੇਠ ਪੰਜਾਬੀ ਬੋਲੀ ਦਾ ਲਫਜ਼ ਹੈ।ਰਹਾਉ ਦਾ ਸਬੰਧ ਰਾਗ ਨਾਲ ਹੈ, ਕੀਰਤਨ ਕਰਨ ਸਮੇਂ ਸ਼ਬਦ ਦੀ ਇਕ ਪੰਗਤੀ ਨੂੰ ਵਾਰ ਵਾਰ, ਮੁੜ ਮੁੜ ਦੁਹਰਾ ਕੇ ਗਾਏ ਜਾਣ ਨੂੰ 'ਰਹਾਉ' ਆਖਦੇ ਹਨ।ਸੰਗੀਤ ਗਾਉਣ ਦੇ ਚਾਰ ਹਿੱਸੇ ਹੁੰਦੇ ਹਨ = ਸਥਾਈ, ਸੰਚਾਰੀ, ਅੰਤਰਾ ਅਤੇ ਭੋਗ, ਪਰ ਆਮ ਦੋ ਹੀ ਵਰਤੇ ਜਾਂਦੇ ਹਨ = ਸਥਾਈ ਅਤੇ ਅੰਤਰਾ।ਹਿੰਦੀ ਕੋਸ਼ਾਂ ਵਿਚ ਗੀਤ ਦੀ ਕਿਸੇ ਇਕ ਚੋਣਵੀਂ ਤੁਕ ਨੂੰ ਵਾਰ ਵਾਰ ਗਾਉਣ ਕਰਕੇ ਉਸ ਨੂੰ ਸਥਾਈ ਜਾਂ ਟੇਕ ਆਖਦੇ ਹਨ।ਭਾਵ ਅੰਤਰੇ ਤੋਂ ਬਾਦ ਸਥਾਈ ਵਾਲੀ ਤੁਕ ਨੂੰ ਵਾਰ ਵਾਰ ਦੁਹਰਾ ਕੇ ਗਾਇਆ ਜਾਂਦਾ ਹੈ, ਪੰਜਾਬ ਵਿਚ ਇਸੇ ਸਥਾਈ ਜਾਂ ਟੇਕ ਨੂੰ 'ਰਹਾਉ' ਆਖਦੇ ਹਨ।ਆਮ ਤੌਰ ਤੇ ਅੰਤਰੇ ਦਾ ਗਾਇਨ ਉਚੀ ਸੁਰ ਵਿਚ ਅਤੇ ਸਥਾਈ ਦਾ ਗਾਇਨ ਥੋੜਾ ਨੀਵੀਂ ਸੁਰ ਵਿਚ ਹੁੰਦਾ ਹੈ।ਜਿੱਥੇ 'ਰਹਾਉ' ਦਾ ਸਬੰਧ ਸੰਗੀਤ ਨਾਲ ਹੈ, ਉਥੇ ਇਸਦਾ ਸਬੰਧ ਸ਼ਬਦ ਦੇ ਭਾਵ ਨਾਲ ਵੀ ਹੈ।ਗੁਰੂ ਜੀ ਅਪਣੀ ਬਾਣੀ ਵਿਚ ਕਿਸ ਵਿਸ਼ੇ (Subject) ਸਬੰਧੀ ਸਾਨੂੰ ਉਪਦੇਸ਼ ਦੇ ਰਹੇ ਹਨ, ਇਹ 'ਰਹਾਉ' ਵਾਲੀ ਤੁਕ ਤੋਂ ਜਾਣਿਆ ਜਾਂਦਾ ਹੈ।'ਰਹਾਉ' ਵਾਲੀ ਪੰਗਤੀ ਸ਼ਬਦ ਦਾ ਧੁਰਾ ਹੁੰਦੀ ਹੈ, ਸਾਰੇ ਸ਼ਬਦ ਦਾ ਮੁਖ ਭਾਵ ਅਰਥ 'ਰਹਾਉ' ਵਾਲੀ ਪੰਗਤੀ ਦੇ ਦੁਆਲੇ ਘੁੰਮਦਾ

ਹੈ, ਸਿਆਣੇ ਕਥਾਕਾਰ ਸ਼ਬਦ ਦੀ ਕਥਾ ਕਰਨ ਸਮੇਂ ਪਹਿਲਾਂ ਰਾਹਾਉ ਵਾਲੀ ਪੰਗਤੀ ਦੀ ਵਿਆਖਿਆ ਕਰਦੇ ਹਨ, ਕਿਉਂਕਿ ਫਿਰ ਅਰਥਾਂ ਦੀ ਲੜੀ ਵਿਸ਼ੇ ਵਸਤੂ ਅਨੁਸਾਰ ਸਹੀ ਚਲਦੀ ਹੈ।

ਕਈ ਸ਼ਬਦਾਂ ਵਿਚ ਇਕ ਤੋਂ ਵੱਧ ਦੋ ਜਾਂ ਚਾਰ 'ਰਹਾਉ' ਵੀ ਦੇਖਣ ਨੂੰ ਮਿਲਦੇ ਹਨ। ਸ੍ਰੀ ਰਾਗ ਮਹਲਾ ੪ ਵਣਜਾਰਾ (ਅੰਗ ੮੧) ਵਾਲੇ ਸ਼ਬਦ ਵਿਚ ਛੇ 'ਰਹਾਉ' ਹਨ, ਪਰ ਉਨ੍ਹਾਂ ਦੇ ਅੰਕਾਂ ਦੀ ਗਿਣਤੀ ਵਿਚ ਕੋਈ ਭਿੰਨਤਾ ਨਹੀਂ,'ਰਹਾਉ' ਵਾਲੀਆਂ ਸਾਰੀਆਂ ਤੁਕਾਂ ਨਾਲ ॥੧॥ ਅੰਕ ਲਗਿਆ ਹੋਇਆ ਹੈ। ਇਸੇ ਤਰ੍ਹਾਂ ੯੬ ਅੰਗ ਉਤੇ 'ਮੇਰਾ ਮਨ ਲੋਚੈ...' ਵਾਲੇ ਸ਼ਬਦ ਵਿਚ ਚਾਰ 'ਰਹਾਉ' ਆਏ ਹਨ। ਕਈ ਸ਼ਬਦਾਂ ਵਿਚ 'ਰਹਾਉ ਦੂਜਾ' ਵਾਰਤਕ ਵਿਚ ਵੀ ਲਿਖਿਆ ਹੋਇਆ ਹੈ, ਜਿਸ ਨੂੰ ਪਾਠ ਕਰਨ ਵੇਲੇ 'ਰਹਾਉ ਦੂਜਾ' ਪੜ੍ਹਨ ਦੀ ਪਰੰਪਰਾ ਮੁੱਢ ਤੋਂ ਹੀ ਚਲੀ ਆ ਰਹੀ ਹੈ। ਉਂਞ ॥੧॥ ਰਹਾਉ ਦਾ ਉਚਾਰਣ ਕੇਵਲ 'ਰਹਾਉ' ਹੀ ਕੀਤਾ ਜਾਂਦਾ ਹੈ, 'ਇਕ ਰਹਾਉ' ਉਚਾਰਣ ਕਰਨਾ ਅਸ਼ੁੱਧ ਹੈ, ਇਹ ਅੰਕ ਏਕਾ 'ਰਹਾਉ' ਦੀਆਂ ਤੁਕਾਂ ਦੇ ਪਦ ਦੀ ਗਿਣਤੀ ਦਾ ਨੰਬਰ ਹੈ। ਇਕ ਤੋਂ ਵੱਧ 'ਰਹਾਉ' ਵਾਲੇ ਕਈ ਸ਼ਬਦਾਂ ਵਿਚ ਪਹਿਲੇ ਰਹਾਉ ਵਾਲੀ ਤੁਕ ਵਿਚ ਪ੍ਰਸ਼ਨ ਕਰਕੇ ਦੂਜੇ ਰਹਾਉ ਵਾਲੀ ਤੁਕ ਵਿਚ ਉਸਦਾ ਉਤਰ ਦਿਤਾ ਹੁੰਦਾ ਹੈ (ਦੇਖੋ 'ਸ਼ਬਦਾਰਥ' ਪੰਨਾ ੭੫੯ ਦਾ ਫੁੱਟ ਨੋਟ), ਪਰ ਸਭ ਜਗ੍ਹਾ ਇਸ ਤਰ੍ਹਾਂ ਨਹੀਂ ਹੈ, ਕਈ ਵਧੇਰੇ ਰਹਾਉ ਵਾਲੇ ਸ਼ਬਦਾਂ ਵਿਚ ਵੱਖ ਵੱਖ ਵਿਚਾਰਾਂ ਦਾ ਵਰਨਣ ਕੀਤਾ ਹੋਇਆ ਹੈ। ਕੀਰਤਨ ਕਰਨ ਵਾਲਾ ਰਾਗੀ ਵੀ ਅਪਣੀ ਮਰਜੀ ਅਨੁਸਾਰ ਕਿਸੇ ਵੀ 'ਰਹਾਉ' ਵਾਲੀ ਪੰਗਤੀ ਨੂੰ ਸਥਾਈ (ਟੇਕ) ਬਣਾ ਕੇ ਸ਼ਬਦ ਗਾ ਸਕਦਾ ਹੈ। ਆਮ ਰਾਗੀ ਅਪਣੀ ਮਰਜੀ ਅਨੁਸਾਰ ਸ਼ਬਦ ਦੀ ਕਿਸੇ ਵੀ ਇਕ ਤੁਕ ਨੂੰ ਸਥਾਈ ਬਣਾ ਕੇ ਗਾਉਣ ਲਗ ਜਾਂਦੇ ਹਨ, ਪਰ ਸਿਆਣੇ ਰਾਗੀ 'ਰਹਾਉ' ਵਾਲੀ ਤੁਕ ਨੂੰ ਹੀ ਸਥਾਈ ਬਣਾ ਕੇ ਗਾਉਂਦੇ ਹਨ, ਕਿਉਂਕਿ ਸ਼ਬਦ ਦਾ ਮੁਖ ਖਿਆਲ ਜਾਂ ਸਿਧਾਂਤ ਰਹਾਉ ਵਾਲੀ ਤੁਕ ਵਿਚ ਹੀ ਹੁੰਦਾ ਹੈ, ਮੁੱਢ ਤੋਂ ਇਹੀ ਰੀਤ ਚਲੀ ਆਉਂਦੀ ਹੈ।

'ਰਹਾਉ' ਦੇ ਅਰਥ ਹਨ = ਸਥਾਈ {ਰਹਿ ਰਹਿ ਕਹੀਏ ਏਕ ਸੂਰ, ਸਥਾਈ ਤਾਕੋ ਨਾਮ}, ਟੇਕ, ਟਿਕਾਉ, ਠਹਿਰਾਉ, ਠਹਿਰੋ (ਭਾਵ ਇਸ 'ਰਹਾਉ' ਵਾਲੀ ਤੁਕ ਨੂੰ ਵਿਚਾਰੋ ਕਿ ਗੁਰੂ ਜੀ ਸਾਨੂੰ ਕੀ ਉਪਦੇਸ਼ ਦੇ ਰਹੇ ਹਨ ? ਰਹੋ, ਟਿਕੋ {ਭਾਈ ਰੇ ਗੁਰਮਤਿ ਸਾਚਿ ਰਹਾਉ ੩੦ ; ਮੈ ਗੁਰਬਾਣੀ ਆਧਾਰ ਹੈ, ਗੁਰਬਾਣੀ ਲਾਗਿ ਰਹਾਉ ੭੫੯}। ਇਥੇ ਰਹਾਉ ਕਿਰਿਆ ਵਾਚਕ ਹੈ।

ਮਹਾਨ ਕੋਸ਼ ਵਿਚ ਰਹਾਉ ਦੇ ਅਰਥ = ਰਹਾਉ: ਸੰਗਯਾ-ਰਹਿਣ ਦਾ ਭਾਵ, ਇਸਥਿਤੀ, ਵਿਸ੍ਰਾਮ 'ਭਾਈ ਰੇ ਗੁਰਮਤਿ ਲਾਗਿ ਰਹਾਉ' (ਸ੍ਰੀ ਮਃ ੩). ੨. ਸੂਰ. ੩. ਪਾਠ ਦੀ ਧਾਰਨਾ. ੪ ਟੇਕ ਸਥਾਈ. ਉਹ ਪਦ, ਜੋ ਗਾਉਣ ਵੇਲੇ ਵਾਰ ਵਾਰ ਅੰਤਰੇ ਪਿਛੋਂ ਵਰਤਿਆ ਜਾਵੇ. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਵਿਚ ਜੋ ਰਹਾਉ ਸ਼ਬਦ ਹੈ, ਉਸਦਾ ਇਹੀ ਭਾਵ ਹੈ. ਦੇਖੋ ਰਾਮਕਲੀ ਦੀ ਪਹਿਲੀ ਵਾਰ ਦੀ ਪਹਿਲੀ ਪੌੜੀ ਦੇ ਅੰਤ 'ਰਹਾਉ' ਸ਼ਬਦ. ਇਸਦਾ ਭਾਵ ਹੈ ਕਿ ਹਰੇਕ ਪੌੜੀ ਦੇ ਅੰਤ (ਪਹਿਲੀ ਪਉੜੀ ਦੀ) ਪਿਛਲੀ ਤੁਕ ਜੋੜ ਕੇ ਪਾਠ ਕਰੋ।

ਵਾਰਾਂ ਵਿਚੋਂ ਆਸਾ ਦੀ ਵਾਰ (੪੬੨) ਅਤੇ ਰਾਮਕਲੀ ਕੀ ਵਾਰ ਮਹਲਾ ੩ (੯੪੭) ਤੋਂ ਬਿਨਾ ਹੋਰ ਕਿਸੇ ਵਾਰ ਵਿਚ 'ਰਹਾਉ ਨਹੀ ਹੈ, ਪਰ ਆਸਾ ਦੀ ਵਾਰ ਵਿਚ ੧੨ ਵੀਂ ਪਉੜੀ ਦੇ ਪਹਿਲੇ ਸਲੋਕ ਤੋਂ ਬਾਦ 'ਬਲਿਹਾਰੀ ਕੁਦਰਤਿ ਵਸਿਆ॥ਤੇਰਾ ਅੰਤੁ ਨ ਜਾਈ ਲਖਿਆ' ॥੧॥ਤੋਂ ਬਾਦ 'ਰਹਾਉ' ਆਉਂਦਾ ਹੈ। 'ਰਾਮਕਲੀ ਕੀ ਵਾਰ ਮਹਲਾ ੩' (੯੪੭) ਵਿਚ ਪਹਿਲੀ ਪਉੜੀ ਦੇ ਅਖੀਰ ॥੧॥ ਤੋਂ ਬਾਦ 'ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ ॥੧॥' ਵਾਲੀ ਤੁਕ ਤੋਂ ਬਾਦ 'ਰਹਾਉ' ਲਿਖਿਆ ਹੋਇਆ ਹੈ। ਇਹ ਪੰਗਤੀ ਇਸ ਵਾਰ ਵਿਚ ਹਰੇਕ ਪਉੜੀ ਦੀ ਅੰਤ ਵਾਲੀ ਪੰਗਤੀ ਤੋਂ ਪਿਛੋਂ ਪੜ੍ਹਨ ਦੀ ਪਰੰਪਰਾ ਹੈ ਕਿਉਂਕਿ ਹਰੇਕ ਪਉੜੀ ਦੀ ਅੰਤਲੀ ਪੰਗਤੀ ਦਾ ਤੁਕਾਂਤ 'ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ' ਵਾਲੀ ਪੰਗਤੀ ਦੇ ਤੁਕਾਂਤ ਨਾਲ ਮਿਲਦਾ ਹੈ। ਸੰਪ੍ਰਦਾਵਾਂ, ਭਾਈ ਵੀਰ ਸਿੰਘ, ਨਿਰਣੈ ਅਤੇ ਮਹਾਨ ਕੋਸ਼ (ਪੰਨਾ ੩੫੫੧) ਆਦਿ ਨੇ ਵੀ ਇਸ ਤੁਕ ਨੂੰ ਹਰੇਕ ਪਉੜੀ ਦੇ ਅੰਤ ਵਿਚ ਪੜ੍ਹਨ ਦੀ ਪੁਸ਼ਟੀ ਕੀਤੀ ਹੈ। ਵੱਡੇ ਆਕਾਰ ਵਾਲੀਆਂ ਬਾਣੀਆਂ ਜਿਵੇਂ ਗਉੜੀ ਬਾਵਨ ਅੱਖਰੀ, ਸੁਖਮਨੀ ਸਾਹਿਬ, ਆਸਾ ਦੀ ਵਾਰ, ਦਖਣੀ ਓਅੰਕਾਰ, ਸਿਧ ਗੋਸਟਿ ਆਦਿ ਵਿਚ 'ਰਹਾਉ' ਪਦ ਜਰੂਰ ਆਉਂਦਾ ਹੈ। ਕੁਝ ਸ਼ਬਦ ਐਸੇ ਵੀ ਹਨ, ਜਿਨ੍ਹਾਂ ਵਿਚ ਰਹਾਉ ਨਹੀਂ ਆਉਂਦਾ। ਜਿਵੇਂ 'ਸੂਹੀ ਮਹਲਾ ੧ ॥ ਭਾਂਡਾ ਹਛਾ ਸੋਇ...' (੭੨੯) ਵਾਲੇ ਸ਼ਬਦ ਵਿਚ ਨਾ 'ਰਹਾਉ' ਹੈ ਅਤੇ ਨਾ ਹੀ ਪਦਿਆਂ ਦੀ ਗਿਣਤੀ ਦਾ ਅੰਕ।

ਘਰ= ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਵਿਚ ਲਿਖੀ ਬਾਣੀ ਦੇ ਸ਼ਬਦਾਂ, ਚਉਪਦਿਆਂ, ਅਸ਼ਟਪਦੀਆਂ, ਛੰਤਾਂ ਆਦਿ ਦੇ ਅਰੰਭ ਵਿਚ ਇਹ ਸਿਰਲੇਖ ਆਉਂਦਾ ਹੈ। ਰਾਗ ਦੀ ਪ੍ਰਧਾਨ ਸੁਰ ਲਈ ਘਰ ਸੰਕੇਤਕ ਸ਼ਬਦ ਹੈ, ਸੰਗੀਤ ਦੇ ਸੂਖਮ ਭੇਦ ਦੀ ਇਹ ਵੰਡ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੧੭ ਵੇਂ ਘਰ ਤਕ ਲਿਖੀ ਮਿਲਦੀ ਹੈ, ਜੋ ਆਸਾ ਰਾਗ ਵਿਚ ਹੈ। ਕਈ ਰਾਗਾਂ ਵਿਚ ਭਗਤ ਬਾਣੀ ਵਿਚ ਵੀ ਇਹ ਸਿਰਲੇਖ ਹੈ। ਕਈ ਰਾਗ ਐਸੇ ਵੀ ਹਨ, ਜਿਨ੍ਹਾਂ ਵਿਚ ਘਰਾਂ ਦੀ ਵੰਡ ਦਾ ਇਹ ਸਿਰਲੇਖ ਨਹੀਂ, ਜਿਵੇਂ ਕਿ ਰਾਗ ਗਉੜੀ, ਨਟ, ਮਾਲੀ ਗਉੜਾ, ਤੁਖਾਰੀ ਆਦਿ। ਵੱਡੇ ਅਕਾਰ ਵਾਲੀਆਂ ਬਾਣੀਆਂ ਜਿਵੇਂ ਕਿ ਗਉੜੀ ਬਾਵਨ ਅਖਰੀ, ਸੁਖਮਨੀ ਸਾਹਿਬ, ਦਖਣੀ ਓਅੰਕਾਰ, ਸਿਧ ਗੋਸਟਿ, ਅਨੰਦ ਸਾਹਿਬ, ਸਾਰੀਆਂ ਵਾਰਾਂ, ਮਾਰੂ ਸੋਲਹੇ, ਰਾਗੁ ਜੈਜਾਵੰਤੀ, ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਭਗਤ ਕਬੀਰ ਜੀਉ ਕੇ, ਸਲੋਕ ਸੇਖ ਫਰੀਦ ਕੇ, ਭੱਟਾਂ ਦੇ ਸਵੱਈਏ, ਸਲੋਕ ਵਾਰਾਂ ਤੇ ਵਧੀਕ ਆਦਿ ਪਰ ਵੀ 'ਘਰ' ਦਾ ਸਿਰਲੇਖ ਨਹੀਂ ਹੈ। ਸੰਗੀਤ ਦੇ ਬਹੁਤੇ ਵਿਦਵਾਨ 'ਘਰ' ਦਾ ਅਰਥ ਤਾਲ ਦਸਦੇ ਹਨ ਅਤੇ ਕਈ ਤਾਲ ਵਿਚ ਕੋਈ ਟਿਕਾਣਾ ਦਸਦੇ ਹਨ। ਘਰ ਦੇ ਅੱਗੇ ਲਿਖੇ ਅੰਕ ਦੀ ਗਿਣਤੀ,

ਰਾਗ ਗਾਉਣ ਵਾਲੇ ਨੂੰ ਪਤਾ ਦੇਂਦੀ ਹੈ ਕਿ ਇਸ ਸ਼ਬਦ ਨੂੰ ਇਸ ਰਾਗ ਦੇ ਇਤਨੇ ਨੰਬਰ ਦੇ ਤਾਲ ਅਨੁਸਾਰ ਗਾਉਣਾ ਹੈ।

ਘਰ ਦੀ ਗਿਣਤੀ ਦਾ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਦੀ ਸੰਖਿਆ ਦਾ ਪਤਾ ਦੇਣ ਨਾਲ ਸਬੰਧ ਹੈ।

ਇਕ ਹੋਰ ਵਿਦਵਾਨ ਦੇ ਵਿਚਾਰ ਹਨ ਕਿ 'ਘਰ' ਨਾਮ ਤਾਲ ਦਾ ਨਹੀਂ, ਦੇਸ ਬਸਤੀ ਪਿੰਡ ਕਹਾਉਂਦੀ ਹੈ। ਸ਼ਹਿਰਾਂ ਤੇ ਪਿੰਡਾਂ ਵਿਚ ਮਹੱਲੇ ਅਤੇ ਮਹੱਲਿਆਂ ਵਿਚ ਘਰ ਹੁੰਦੇ ਹਨ, ਇਸੇ ਤਰ੍ਹਾਂ ਸੰਗੀਤ ਵਿਚ ਤਿੰਨ ਗ੍ਰਾਮ ਹੁੰਦੇ ਹਨ ਅਤੇ ਤਿੰਨਾਂ ਗ੍ਰਾਮਾਂ ਵਿਚ ਸੱਤ ਸੱਤ ਘਰ ਹੁੰਦੇ ਹਨ। ਜਿੱਥੇ ਮਹੱਲੇ ਦੇ ਨਾਲ ਘਰ ੪ ਲਿਖਿਆ ਹੋਇਆ ਹੈ, ਇਸਦਾ ਅਰਥ ਹੈ ਕਿ ਇਨ੍ਹਾਂ ਇੱਕੀ ਘਰਾਂ ਵਿਚੋਂ ਚੌਥੇ ਘਰ ਦੀ ਸੁਰ ਇਸ ਰਾਗ ਵਿਚ ਮੁਖ ਸੁਰ ਪ੍ਰਕਾਸ਼ ਦੇਣਹਾਰੀ ਹੈ। ਇਹ ਇਸ਼ਾਰਾ ਗੁਰੂ ਜੀ ਨੇ ਰਾਗ ਗਾਉਣ ਵਾਲਿਆਂ ਲਈ ਕੀਤਾ ਹੈ।

ਸੋਦਰੁ ਰਾਗੁ ਆਸਾ ਮਹਲਾ ੧ ੴ ਸਤਿਗੁਰ ਪ੍ਰਸਾਦਿ ॥ 'ਸੋਦਰੁ' ਬਾਣੀ ਦਾ ਨਾਮ ਹੈ ਜੋ ਸ਼ਾਮ ਨੂੰ ਰਹਿਰਾਸ ਵਾਲੀ ਬਾਣੀ ਵਿਚ ਪੜ੍ਹਿਆ ਜਾਂਦਾ ਹੈ। ਆਸਾ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਇਹ ਸ਼ਬਦ ਹੈ। ਸਰਬ ਸ਼ਕਤੀਵਾਨ ਵੈਰਾਟ ਰੂਪ ਅਦੁਤੀ ਪ੍ਰਮਾਤਮਾ, ਜਿਸਦੇ ਬਰਾਬਰ ਦਾ ਕੋਈ ਦੂਜਾ ਨਹੀਂ। ਐਸਾ ਨਿਰੰਕਾਰ ਸੱਚੇ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ, ਜਿਤੁ ਬਹਿ ਸਰਬ ਸਮਾਲੇ ॥ (ਹੇ ਨਿਰੰਕਾਰ!) ਤੇਰਾ ਉਹ ਦਰਵਾਜਾ ਅਤੇ ਉਹ ਘਰ ਕਿਹੋ ਜਿਹਾ ਹੈ, ਜਿੱਥੇ ਬੈਠ ਕੇ ਤੂੰ ਸਭ ਦੀ ਸੰਭਾਲ ਕਰਦਾ ਹੈਂ।

ਵਾਜੇ ਤੇਰੇ ਨਾਦ ਅਨੇਕ ਅਸੰਖਾ, ਕੇਤੇ ਤੇਰੇ ਵਾਵਣਹਾਰੇ ॥ ਤੇਰੇ ਦਰ ਤੇ) ਤੇਰੇ ਅਨੇਕ (ਸੰਗੀਤਕ) ਵਾਜੇ (ਸਾਜ) ਅਣਗਿਣਤ ਧੁਨਾਂ ਨਾਲ ਵਜ ਰਹੇ ਹਨ, (ਉਨ੍ਹਾਂ ਸਾਜਾਂ ਨੂੰ) ਕਿਤਨੇ ਹੀ ਤੇਰੇ ਵਜਾਉਣ ਵਾਲੇ ਹਨ।

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ, ਕੇਤੇ ਤੇਰੇ ਗਾਵਣਹਾਰੇ ॥ ਕਿਤਨੇ (ਅਨੇਕਾਂ) ਹੀ ਤੇਰੇ ਰਾਗ ਰਾਗਣੀਆਂ ਸਮੇਤ ਆਖੀਦੇ (ਤੇਰੇ ਦਰ ਤੇ ਗਾਏ ਜਾਂਦੇ ਜਾਂ ਕਿਤਨੇ ਹੀ ਰਾਗ ਅਪਣੀਆਂ ਰਾਗਣੀਆਂ ਸਮੇਤ ਤੇਰਾ ਜਸ ਕਰ ਰਹੇ) ਹਨ, ਕਿਤਨੇ ਹੀ ਤੇਰੇ (ਰਾਗੀ ਉਨ੍ਹਾਂ ਰਾਗ ਰਾਗਣੀਆਂ ਨੂੰ) ਗਾਉਣ ਵਾਲੇ ਹਨ।

ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ, ਗਾਵੈ ਰਾਜਾ ਧਰਮੁ ਦੁਆਰੇ ॥ ਤੈਨੂੰ ਪੌਣ, ਪਾਣੀ ਅਤੇ ਅੱਗ ਗਾਉਂਦੇ ਹਨ ਅਤੇ ਧਰਮ ਰਾਜਾ ਵੀ (ਤੇਰੇ) ਦੁਆਰੇ ਤੇ (ਤੇਰਾ ਜਸ) ਗਾ ਰਿਹਾ ਹੈ।

ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ, ਲਿਖਿ ਲਿਖਿ ਧਰਮੁ ਬੀਚਾਰੇ ॥ ਤੈਨੂੰ ਚਿਤ੍ਰ ਅਤੇ ਗੁਪਤ ਵੀ ਗਾਉਂਦੇ ਹਨ (ਜਿਹੜੇ ਜੀਵਾਂ ਦੇ ਕਰਮ) ਲਿਖਣ ਜਾਣਦੇ ਹਨ, (ਜਿਨ੍ਹਾਂ ਦੇ) ਲਿਖ ਲਿਖ ਕੇ (ਲਿਆਂਦੇ ਹੋਏ ਕਰਮਾਂ ਦੇ ਲੇਖ ਨਿਆਂ ਕਰਨ ਲਈ) ਧਰਮ ਰਾਜਾ ਵਿਚਾਰ ਕਰਦਾ ਹੈ (ਕਿ ਸਹੀ ਲਿਖ ਕੇ ਲਿਆਏ ਹਨ?)।

ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ, ਸੋਹਨਿ ਤੇਰੇ ਸਦਾ ਸਵਾਰੇ ॥ (ਹੇ ਨਿਰੰਕਾਰ!) ਸ਼ਿਵ, ਬ੍ਰਹਮਾ (ਆਦਿ ਦੇਵਤੇ) ਅਤੇ (ਇਨ੍ਹਾਂ ਦੀਆਂ) ਦੇਵੀਆਂ (ਆਪਣੀਆਂ ਸ਼ਕਤੀਆਂ ਸਮੇਤ) ਤੈਨੂੰ ਗਾਉਂਦੇ ਹਨ (ਭਾਵ ਤੇਰਾ ਜਸ ਗਾ ਰਹੇ ਹਨ), (ਜੋ) ਤੇਰੇ ਸਵਾਰੇ ਹੋਏ ਸਦਾ (ਤੇਰੇ ਦਰ ਤੇ) ਸੋਭ ਰਹੇ ਹਨ।

ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ, ਦੇਵਤਿਆ ਦਰਿ ਨਾਲੇ ॥ (ਹੇ ਨਿਰੰਕਾਰ! ਤੇਰੇ) ਦਰ ਤੇ (ਹੋਰ) ਦੇਵਤਿਆਂ ਨਾਲ (ਰਲ ਕੇ) ਤੈਨੂੰ (ਅਨੇਕਾਂ) ਇੰਦਰ ਆਪਣੀ ਇੰਦਰ ਪਦਵੀ ਵਾਲੇ ਇੰਦਰ ਆਸਣਾਂ ਤੇ ਬੈਠੇ ਗਾ ਰਹੇ ਹਨ (ਤੇਰੀ ਸਿਫਤ ਸਲਾਹ ਕਰ ਰਹੇ ਹਨ)।

ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ, ਗਾਵਨਿ ਤੁਧਨੋ ਸਾਧ ਬੀਚਾਰੇ ॥ ਸਮਾਧੀਆਂ ਅੰਦਰ ਲੀਨ (ਚੁਰਾਸੀ) ਸਿੱਧ ਵੀ ਤੈਨੂੰ ਗਾ ਰਹੇ ਹਨ, (ਨਾਮ ਬਾਣੀ ਦੀ) ਵਿਚਾਰ ਕਰਨ ਵਾਲੇ ਸਾਧੂ ਵੀ ਤੈਨੂੰ ਗਾ ਰਹੇ ਹਨ।

ਗਾਵਨਿ ਤੁਧਨੋ ਜਤੀ ਸਤੀ ਸੰਤੋਖੀ, ਗਾਵਨਿ ਤੁਧਨੋ ਵੀਰ ਕਰਾਰੇ ॥ (ਕਾਮ ਵਾਸ਼ਨਾ ਤੇ ਕਾਬੂ ਪਾਉਣ ਵਾਲੇ) ਜਤੀ, ਸੱਤਵਾਦੀ ਤੇ (ਸੰਤੋਖ ਰੱਖਣ ਵਾਲੇ) ਸੰਤੋਖੀ ਪੁਰਖ ਤੈਨੂੰ ਗਾ ਰਹੇ ਹਨ, ਬਲਵਾਨ ਜੁਝਾਰੂ ਪੁਰਖ (ਜਾਂ ਤਕੜੇ ਬਲ ਵਾਲੇ ੫੨ ਬੀਰ) ਤੈਨੂੰ ਗਾ ਰਹੇ ਹਨ।

ਅੰਗ ੯ = ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ, ਜੁਗੁ ਜੁਗੁ ਵੇਦਾ ਨਾਲੇ ॥ (ਬੜੇ ਬੜੇ ਵਿਦਵਾਨ) ਪੰਡਤ, ਬੜੇ ਬੜੇ ਰਿਖੀ ਮੁਨੀ (ਜੋ ਵੇਦਾਂ ਨੂੰ) ਪੜ੍ਹਦੇ ਹਨ, (ਉਹ ਸਾਰੇ) ਜੁਗੋ ਜੁਗ (ਅਨੇਕ ਜੁਗਾਂ ਤੋਂ) ਵੇਦਾਂ ਨਾਲ (ਗਿਆਨ ਦੇ ਗ੍ਰੰਥਾਂ ਸਣੇ) ਤੈਨੂੰ ਗਾਉਂਦੇ ਹਨ।

ਜੁਗੁ ਜੁਗੁ ਵੇਦਾ ਨਾਲੇ (ਦਾ ਦੂਜਾ ਅਰਥ) ਹਰੇਕ ਜੁਗ ਆਪਣੇ ਆਪਣੇ ਵੇਦਾਂ ਨਾਲ ਤੈਨੂੰ ਗਾ ਰਹੇ ਹਨ ਕਿਉਂਕਿ ਹਰੇਕ ਜੁਗ ਦਾ ਵੱਖਰਾ ਵਖਰਾ ਵੇਦ ਮੰਨਿਆ ਹੈ। (ਸਤਜੁਗ ਦਾ ਰਿਗ, ਤ੍ਰੇਤੇ ਦਾ ਸ਼ਾਮ, ਦੁਆਪਰ ਦਾ ਯੁਜਰ ਅਤੇ ਕਲਜੁਗ ਦਾ ਅਥਰਵਣ ਵੇਦ ਹੈ, ਦੇਖੋ ਆਸਾ ਦੀ ਵਾਰ ਦੀ ੧੩ ਵੀਂ ਪਉੜੀ ਦੇ ਦੋਵੇਂ ਸਲੋਕ ਅਤੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ)।

ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ, ਸੁਰਗੁ ਮਛੁ ਪਇਆਲੇ ॥ ਸੁਰਗ ਲੋਕ, ਮਾਤ ਲੋਕ ਅਤੇ ਪਤਾਲ ਲੋਕ ਦੀਆਂ ਮਨ ਨੂੰ ਮੋਹ ਲੈਣ ਵਾਲੀਆਂ (ਅਪੱਛਰਾਂ ਵਰਗੀਆਂ ਸੁੰਦਰ ਇਸਤ੍ਰੀਆਂ) ਤੈਨੂੰ ਗਾ ਰਹੀਆਂ ਹਨ।

ਗਾਵਨਿ ਤੁਧਨੋ ਰਤਨ ਉਪਾਏ ਤੇਰੇ, ਅਠਸਠਿ ਤੀਰਥਿ ਨਾਲੇ ॥ ਤੇਰੇ ਪੈਦਾ ਕੀਤੇ ਹੋਏ (ਚੌਦਾਂ) ਰਤਨ, ਨਾਲੇ (ਅਤੇ) ਅਠਾਹਠ ਤੀਰਥ ਤੈਨੂੰ (ਤੇਰਾ ਜਸ) ਗਾ ਰਹੇ ਹਨ।

ਦੂਜਾ ਅਰਥ = ਤੇਰੇ ਪੈਦਾ ਕੀਤੇ ਰਤਨ, ਅਠਾਹਠ ਤੀਰਥਾਂ ਦੇ ਨਾਲ (ਸਮੇਤ) ਤੈਨੂੰ ਗਾ ਰਹੇ ਹਨ।

ਗਾਵਨਿ ਤੁਧਨੋ ਜੋਧ ਮਹਾਬਲਿ ਸੂਰਾ, ਗਾਵਨਿ ਤੁਧਨੋ ਖਾਣੀ ਚਾਰੇ ॥ ਮਹਾਂ ਬਲੀ ਸੂਰਵੀਰ ਜੋਧੇ ਵੀ (ਅਪਣੀ ਬਹਾਦਰੀ ਰਾਹੀਂ) ਤੈਨੂੰ ਗਾਉਂਦੇ ਹਨ ਅਤੇ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ ਅਤੇ ਉਤਭੁਜ) ਤੈਨੂੰ ਗਾਉਂਦੀਆਂ ਹਨ; ਚਾਰੇ ਖਾਣੀਆਂ ਦੇ ਜੀਵ ਤੈਨੂੰ ਗਾਉਂਦੇ ਹਨ (ਤੇਰੇ ਗੁਣ ਗਾਉਂਦੇ ਹਨ।ਆਪਣੇ ਸਰੀਰ ਨੂੰ ਵਸ ਕਰਨ ਵਾਲਾ ਜੋਧਾ, ਦਸੇ ਇੰਦ੍ਰੀਆਂ ਨੂੰ ਵਿਸ਼ਿਆਂ ਵਲੋਂ ਰੋਕਣ ਵਾਲਾ ਮਹਾਂਬਲੀ ਅਤੇ ਮਨ ਦੀਆਂ ਅਨੇਕਾਂ ਵਾਸ਼ਨਾਵਾਂ ਨੂੰ ਰੋਕਣ ਵਾਲਾ ਸੂਰਮਾ ਹੈ)।

ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ, ਕਰਿ ਕਰਿ ਰਖੇ ਤੇਰੇ ਧਾਰੇ ॥ (ਹੇ ਨਿਰੰਕਾਰ! ਪ੍ਰਿਥਵੀ ਦੇ) ਨੌਂ ਖੰਡ, (ਤਾਰਾ) ਮੰਡਲ ਅਤੇ (ਹੋਰ ਅਣ ਗਿਣਤ) ਬ੍ਰਹਿਮੰਡ ਤੈਨੂੰ ਗਾਉਂਦੇ ਹਨ, ਜਿਹੜੇ ਤੈਂ ਰਚ ਰਚ ਕੇ (ਆਪਣੀ ਸੱਤਾ ਦੇ) ਆਸਰੇ ਟਿਕਾ ਕੇ ਰੱਖੇ ਹੋਏ ਹਨ।

ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ, ਰਤੇ ਤੇਰੇ ਭਗਤ ਰਸਾਲੇ ॥ (ਪਰ) ਉਹ ਹੀ (ਵਿਸ਼ੇਸ਼ ਕਰਕੇ) ਤੈਨੂੰ ਗਾਉਂਦੇ ਹਨ ਜਿਹੜੇ ਤੈਨੂੰ ਚੰਗੇ (ਪਿਆਰੇ) ਲਗਦੇ ਹਨ, ਕਿਉਂਕਿ (ਉਹ) ਰਸੀਏ ਭਗਤ ਤੇਰੇ ਪ੍ਰੇਮ ਵਿਚ ਰੰਗੇ ਹੋਏ ਹਨ।

ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ, ਨਾਨਕ ਕਿਆ ਬੀਚਾਰੇ ॥ (ਹੇ ਨਿਰੰਕਾਰ!) ਹੋਰ ਕਿੰਨੇ ਕੁ ਤੈਨੂੰ ਗਾਉਂਦੇ ਹਨ, ਉਹ ਮੈਨੂੰ ਚੇਤੇ ਨਹੀਂ ਆਉਂਦੇ (ਤੈਨੂੰ ਗਾਉਣ ਵਾਲੇ ਬਹੁਤ ਹਨ, ਸਭ ਦਾ ਜਿਕਰ ਕਰਨ ਤੋਂ ਮੈਂ ਅਸਮਰੱਥ ਹਾਂ), ਨਾਨਕ (ਉਨ੍ਹਾਂ ਸਾਰਿਆਂ ਦੀ ਗਿਣਤੀ ਦਾ) ਕੀ ਵਿਚਾਰ ਕਰੇ ?

ਸੋਈ ਸੋਈ ਸਦਾ ਸਚੁ ਸਾਹਿਬੁ, ਸਾਚਾ ਸਾਚੀ ਨਾਈ ॥ (ਜਿਸ ਨਿਰੰਕਾਰ ਦੇ ਦਰ ਤੇ ਇਹ ਸਭ ਗਾ ਰਹੇ ਹਨ) ਉਹ ਸੱਚਾ ਮਾਲਕ ਸਦਾ ਕਾਇਮ ਰਹਿਣ ਵਾਲਾ ਹੈ, ਉਹ ਸੱਚਾ ਹੈ ਅਤੇ ਉਸਦੀ ਵਡਿਆਈ ਵੀ ਸੱਚੀ ਹੈ (ਨਾਈ ਦਾ ਅਰਥ ਕਈਆਂ ਨੇ ਨਾਮ ਵੀ ਕੀਤਾ ਹੈ)।

ਹੈ ਭੀ ਹੋਸੀ ਜਾਇ ਨ ਜਾਸੀ, ਰਚਨਾ ਜਿਨਿ ਰਚਾਈ ॥ ਜਿਸ (ਨਿਰੰਕਾਰ) ਨੇ ਸ੍ਰਿਸਟੀ ਰਚਨਾ ਰਚੀ ਹੈ, ਉਹ ਹੁਣ (ਵਰਤਮਾਨ ਕਾਲ ਵਿਚ) ਵੀ ਹੈ, ਪਿੱਛੇ (ਭੂਤ ਕਾਲ ਵਿਚ) ਵੀ ਸੀ ਅਤੇ ਅੱਗੋਂ (ਭਵਿਖਤ ਕਾਲ ਵਿਚ) ਵੀ ਹੋਵੇਗਾ, ਉਹ ਨਾ ਜੰਮਦਾ ਹੈ, ਨਾ ਮਰੇਗਾ।

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ, ਮਾਇਆ ਜਿਨਿ ਉਪਾਈ ॥ ਜਿਸ (ਨਿਰੰਕਾਰ) ਨੇ ਅਨੇਕਾਂ ਰੰਗਾਂ, ਕਿਸਮਾਂ ਤੇ ਜਿਣਸਾਂ ਦੀ ਰਚਨਾ ਰਚ ਕੇ (ਨਾਲ) ਮਾਇਆ ਵੀ ਪੈਦਾ ਕਰ ਦਿਤੀ ਹੈ।

ਦੂਜਾ ਅਰਥ = ਅਨੇਕਾਂ ਰੰਗਾਂ, ਕਿਸਮਾਂ ਅਤੇ ਜਿਣਸਾਂ ਦੀ ਰਚਨਾ ਕਰ ਕੇ ਜਿਸ (ਨਿਰੰਕਾਰ) ਨੇ ਮਾਇਆ (ਸ਼ਕਤੀ ਦੁਆਰਾ ਸ੍ਰਿਸਟੀ) ਪੈਦਾ ਕੀਤੀ ਹੈ।

ਕਰਿ ਕਰਿ ਦੇਖੈ ਕੀਤਾ ਆਪਣਾ, ਜਿਉ ਤਿਸਦੀ ਵਡਿਆਈ ॥ (ਨਿਰੰਕਾਰ ਰਚਨਾ) ਰਚ ਕੇ ਆਪਣੇ ਕੀਤੇ (ਸੰਸਾਰ) ਨੂੰ ਦੇਖਦਾ (ਸੰਭਾਲਦਾ ਵੀ) ਹੈ, ਜਿਵੇਂ (ਇਹ) ਉਸ ਦੀ ਵਡਿਆਈ ਹੈ।ਭਾਵ ਸੰਸਾਰ ਪੈਦਾ ਕਰ ਕੇ ਉਸਦੀ ਸੰਭਾਲ ਕਰਨਾ ਨਿਰੰਕਾਰ ਦੀ ਵਡਿਆਈ ਹੈ, ਇਹ ਨਹੀਂ ਕਿ ਰਚਨਾ ਰਚ ਕੇ ਮੁੜ ਕੇ ਦੇਖਦਾ ਹੀ ਨਹੀਂ।

ਜੋ ਤਿਸੁ ਭਾਵੈ ਸੋਈ ਕਰਸੀ, ਫਿਰਿ ਹੁਕਮੁ ਨ ਕਰਨਾ ਜਾਈ ॥ ਜੋ ਕੁਝ ਉਸ (ਨਿਰੰਕਾਰ) ਨੂੰ ਚੰਗਾ ਲਗਦਾ ਹੈ, ਉਹ ਹੀ ਉਹ ਕਰੇਗਾ, (ਪਰ) ਉਸ ਉਤੇ ਮੁੜ ਹੁਕਮ ਨਹੀ ਕੀਤਾ ਜਾ ਸਕਦਾ (ਕਿ ਆਹ ਨਾ ਕਰ, ਉਹ ਕਰ, ਭਾਵ ਮਨੁੱਖ ਉਸ ਤੋਂ ਮਨ ਮਰਜੀ ਦੇ ਕੰਮ ਨਹੀਂ ਕਰਾ ਸਕਦਾ)।

ਸੋ ਪਾਤਸਾਹੁ ਸਾਹਾ ਪਤਿ ਸਾਹਿਬੁ ,ਨਾਨਕ ਰਹਣੁ ਰਜਾਈ ॥੧॥ ਉਹ (ਨਿਰੰਕਾਰ ਸਾਰੇ ਜਗਤ ਦਾ) ਪਾਤਸ਼ਾਹ ਹੈ, (ਸੰਸਾਰੀ) ਪਾਤਸ਼ਾਹਾਂ ਦਾ ਵੀ ਸਾਹਿਬ (ਮਾਲਕ) ਹੈ, ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਸਾਨੂੰ ਸਭ ਨੂੰ ਉਸਦੀ) ਰਜ਼ਾ ਵਿਚ ਰਹਿਣਾ ਬਣਦਾ ਹੈ।

ਸੋ ਪਾਤਸਾਹੁ ਸਾਹਾ ਪਤਿ ਸਾਹਿਬੁ = (ਦੂਜਾ ਅਰਥ) ਉਹ ਮਾਲਕ (ਨਿਰੰਕਾਰ) ਪਾਤਸ਼ਾਹ ਅਤੇ (ਬੜੇ ਬੜੇ) ਸ਼ਾਹਾਂ ਦਾ ਵੀ ਪਤੀ (ਮਾਲਕ) ਹੈ।ਤੀਜਾ ਅਰਥ = ਉਹ ਪਾਤਸ਼ਾਹ ਹੈ, ਸ਼ਾਹਾਂ ਦੀ ਪੱਤ (ਇਜਤ, ਸਨਮਾਨ) ਦਾ ਵੀ ਮਾਲਕ ਹੈ।੧।

ਵਿਆਖਿਆ = ਇਸ ਸ਼ਬਦ ਵਿਚ ਗੁਰੂ ਜੀ ਨੇ ਨਿਰੰਕਾਰ ਦੀ ਵਡਿਆਈ ਇਕ ਦਰਬਾਰ ਰਚ ਕੇ ਵਰਨਣ ਕੀਤੀ ਹੈ, ਜਿਸ ਦਰਬਾਰ ਵਿਚ ਮਨੁੱਖੀ ਤਜਰਬੇ ਵਿਚ ਆਈਆਂ ਧਰਤੀ ਅਸਮਾਨ ਦੀਆਂ ਸਾਰੀਆਂ ਤਾਕਤਾਂ ਉਸ ਦਾ ਜਸ ਕਰਦੀਆਂ ਬਿਆਨ ਕੀਤੀਆਂ ਹਨ।ਇਹ ਸਾਰੇ ਉਸ ਦੀ ਰਜ਼ਾ ਵਿਚ ਨੱਥੇ ਹੋਏ ਉਸਦੇ ਹੁਕਮ ਵਿਚ ਚਲ ਰਹੇ ਹਨ।ਬਾਕੀ ਵਿਸਥਾਰ ਸਹਿਤ ਵਿਆਖਿਆ ਜਪੁ ਜੀ ਸਾਹਿਬ ਦੀ ੨੭ ਵੀਂ ਪਉੜੀ ਦੀ ਵਿਆਖਿਆ ਵਿਚ ਪੜ੍ਹੀ ਜਾ ਸਕਦੀ ਹੈ।

ਨੋਟ :- ਪਦ ਅਰਥ ਅਤੇ ਪ੍ਰਮਾਣ 'ਜਪੁ ਜੀ ਵਖਿਆਨ' (ਟੀਕਾ ਜਪੁ ਜੀ ਸਾਹਿਬ) ਵਿਚ ੨੭ ਵੀਂ ਪਉੜੀ ਵਿਚ ਦੇਖ ਸਕਦੇ ਹੋ।

ਉਥਾਨਕਾ = ਇਕ ਦਿਨ ਪਿਤਾ ਕਾਲੂ ਜੀ ਨੇ ਪੁਛਿਆ, ਹੇ ਪੁਤ੍ਰ! ਪ੍ਰਮਾਤਮਾ ਕਿੰਨਾ ਕੁ ਵੱਡਾ ਹੈ, ਗੁਰੂ ਜੀ ਨੇ ਉਤਰ ਦਿਤਾ =

ਆਸਾ ਮਹਲਾ ੧ ॥ ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ਕੀਮਤਿ ਪਾਇ ਨ ਕਹਿਆ ਜਾਇ ॥ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ (ਗਿਆਨ ਵਾਨ ਲੋਕਾਂ ਤੋਂ) ਸੁਣ ਕੇ ਸਭ ਕੋਈ (ਪ੍ਰਭੂ ਨੂੰ) ਵੱਡਾ ਆਖ ਦੇਂਦਾ ਹੈ {ਵਡਾ ਵਡਾ ਆਖੈ ਸਭੁ ਕੋਈ।ਗੁਰ ਬਿਨੁ ਸੋਝੀ ਕਿਨੈ ਨ ਹੋਈ ੧੦੩੫}।(ਪਰ ਉਹ) ਕਿਤਨਾ ਵੱਡਾ ਹੈ (ਇਸਦਾ ਪਤਾ ਤਾਂ) ਦਰਸ਼ਨ ਕੀਤਿਆਂ ਹੀ ਲਗਦਾ ਹੈ ਜਾਂ ਉਹ ਹੀ

ਦਸ ਸਕਦਾ ਹੈ ਜਿਸਨੇ ਦਰਸ਼ਨ ਕੀਤੇ ਹੁੰਦੇ ਹਨ।(ਦਰਸ਼ਨ ਕੀਤਿਆਂ ਪਤਾ ਲਗਦਾ ਹੈ ਕਿ ਉਸਦੀ) ਨਾ ਤਾਂ ਕੀਮਤ ਪਾਈ ਜਾ ਸਕਦੀ ਹੈ ਅਤੇ ਨਾ ਹੀ ਉਸਦਾ (ਸਰੂਪ) ਵਰਨਣ ਕੀਤਾ ਜਾ ਸਕਦਾ ਹੈ।ਕੀਮਤਿ ਕਉਣੁ ਕਰੇ ਤੇਰੀ ਕਰਤੇ, ਪ੍ਰਭੁ ਅੰਤੁ ਨ ਪਾਰਾਵਾਰੀ।੯੧੬
ਦੂਜਾ ਅਰਥ = ਹੇ ਵਾਹਿਗੁਰੂ ! ਤੇਰੀ ਕੀਮਤ ਕਿਸੇ ਪਾਸੋਂ ਨਹੀਂ ਪਾਈ ਜਾ ਸਕਦੀ, (ਪਰ ਜੇ ਕੋਈ ਪਾ ਵੀ ਲਵੇ ਤਾਂ) ਬਿਆਨ ਨਹੀਂ ਕੀਤੀ ਜਾ ਸਕਦੀ (ਟਕਸਾਲ)।(ਤੇਰਾ ਜਸ) ਕਹਿਣ ਵਾਲੇ (ਜਸ ਗਾਉਂਦੇ ਹੋਏ) ਤੇਰੇ ਵਿਚ ਹੀ ਲੀਨ ਹੋਏ ਰਹਿੰਦੇ ਹਨ।੧।
ਸਾਲਾਹੀ ਸਾਲਾਹਿ, ਏਤੀ ਸੁਰਤਿ ਨ ਪਾਈਆ।ਨਦੀਆ ਅਤੈ ਵਾਹ, ਪਵਹਿ ਸਮੁੰਦਿ ਨ ਜਾਣੀਅਹਿ।(੫)
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਹੇ ਮੇਰੇ ਵੱਡੇ ਮਾਲਕ ! ਆਪ ਬਹੁਤ ਡੂੰਘੇ, ਅਡੋਲ ਤੇ ਅਹਿੱਲ ਹੋ ਅਤੇ (ਸ਼ੁੱਭ) ਗੁਣਾਂ ਦੇ ਸਾਗਰ ਹੋ ਭਾਵ ਬੇਅੰਤ ਗੁਣਾਂ ਵਾਲੇ ਹੋ।
ਦੂਜਾ ਅਰਥ = ਹੇ ਮੇਰੇ ਵੱਡੇ ਸਾਹਿਬ ! ਹੇ ਗਹਿਰ ਗੰਭੀਰ ! ਹੇ ਗੁਣਾਂ ਦੇ ਸਮੁੰਦਰ ! (ਡਾ.ਤਾਰਨ ਸਿੰਘ ; ਭਾਈ ਵੀਰ ਸਿੰਘ)।ਕੋਈ ਨਹੀਂ ਜਾਣਦਾ ਕਿ ਤੇਰਾ ਕਿਤਨਾ ਤੇ ਕਿੱਡਾ ਵਡਾ (ਕੁਦਰਤ ਰੂਪ) ਵਿਸਥਾਰ ਹੈ।੧।ਰਹਾਉ।
ਕੋਇ ਨ ਜਾਣੈ ਤੇਰਾ ਚੀਰਾ।(੧੦੩੪); ਨਾ ਪਤਣੁ ਨ ਪਾਤਣੀ, ਪਾਰਾਵਾਰੁ ਨ ਅੰਤੁ ਨ ਚੀਰਾ।(ਭਾ.ਗੁ.ਵਾਰ ੨੬-੨੬)
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ਸਭਿ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥(ਤੇਰਾ ਵੱਡਾਪਣ ਜਾਨਣ ਲਈ) ਸਾਰੇ ਸੁਰਤ ਜੋੜਨ ਵਾਲਿਆਂ (ਅਭਿਆਸੀਆਂ) ਨੇ ਸੁਰਤ ਜੋੜਨ ਵਾਲੀ (ਸ਼ਕਤੀ) ਦੀ ਕਮਾਈ ਕੀਤੀ (ਧਿਆਨ ਜੋੜਨ ਵਾਲਿਆਂ ਨੇ ਧਿਆਨ ਜੋੜ ਕੇ ਸਮਾਧੀਆਂ ਲਗਾਈਆਂ)।ਸਾਰੇ ਕੀਮਤ ਪਾਉਣ ਵਾਲਿਆਂ ਨੇ ਮਿਲ ਕੇ ਕੀਮਤ ਪਾਈ (ਅੰਦਾਜਾ ਲਾਉਣ ਦਾ ਯਤਨ ਕੀਤਾ)।ਗਿਆਨੀਆਂ, ਧਿਆਨੀਆਂ, ਗੁਰੂਆਂ ਅਤੇ ਗੁਰੂਆਂ ਦੇ ਵੱਡੇ ਭਾਵ ਗੁਰੂਆਂ ਦੇ ਗੁਰੂ ਪਾਸੋਂ ਵੀ।ਤੇਰੀ ਤਿਲ ਮਾਤ੍ਰ ਵਡਿਆਈ ਕਹੀ ਨਹੀ ਜਾਂਦੀ।੨।
ਗੁਣੀ ਗਿਆਨੀ ਸੁਰਤਿ ਬਹੁ ਕੀਨੀ, ਇਕੁ ਤਿਲੁ ਨਹੀ ਕਮਿਤਿ ਪਾਇਆ।(੧੩੧੯)।
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ ਕਰਮਿ ਮਿਲੈ, ਨਾਹੀ ਠਾਕਿ ਰਹਾਹੀਆ ॥੩॥ ਸਾਰੇ ਸਤ (ਸੰਤੋਖ ਆਦਿ ਦੈਵੀ ਗੁਣ), ਸਾਰੇ ਤਪ (ਮਨ ਅਤੇ ਸਰੀਰ ਨੂੰ ਸਾਧਣ ਵਾਲੇ), ਸਾਰੀਆਂ ਚੰਗਿਆਈਆਂ (ਨੇਕੀਆਂ) ਅਤੇ ਸਿੱਧਾਂ ਪੁਰਖਾਂ ਦੀਆਂ (ਕਰਾਮਾਤੀ ਸ਼ਕਤੀ ਦੀਆਂ) ਵਡਿਆਈਆਂ ਆਦਿ ਸਭ।(ਪਰ) ਤੇਰੀ ਮੇਹਰ ਤੋਂ ਬਿਨਾ (ਇਸ ਪਦੇ ਵਿਚ ਦੱਸੇ ਗੁਣ) ਕਿਸੇ ਨੇ ਪ੍ਰਾਪਤ ਨਹੀ ਕੀਤੇ ਜਾਂ ਤੇਰੇ ਬਿਨਾ (ਜੀਵਨ ਵਿਚ) ਸਫਲਤਾ ਕਿਸੇ ਨੇ ਨਹੀਂ ਪ੍ਰਾਪਤ ਕੀਤੀ ।(ਇਹ ਸਭ ਦਾਤਾਂ ਤੇਰੀ ਹੀ) ਬਖਸ਼ਿਸ਼ ਦੁਆਰਾ ਮਿਲਦੀਆਂ ਹਨ, (ਫਿਰ ਕਿਸੇ ਦੇ) ਰੋਕੀਆਂ ਰੁਕੀਆਂ ਨਹੀਂ ਰਹਿੰਦੀਆਂ ਭਾਵ ਤੇਰੀ ਕਿਰਪਾ ਨਾਲ ਮਿਲਣ ਵਾਲੀਆਂ ਦਾਤਾਂ ਨੂੰ ਕੋਈ ਰੋਕ ਨਹੀਂ ਸਕਦਾ।੩।
ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨ ॥ ਆਖਣ ਵਾਲਾ (ਇਹ ਮਨੁੱਖ) ਵਿਚਾਰਾ ਕੀ ਹੈ? (ਜੋ ਤੇਰਾ ਜਸ ਬਿਆਨ ਕਰ ਸਕੇ, ਕਿਉਂਕਿ) ਤੇਰੀ ਸਿਫਤਾਂ ਦੇ ਤਾਂ ਭੰਡਾਰ ਭਰੇ ਪਏ ਹਨ ਭਾਵ ਤੇਰੀਆਂ ਬੇਅੰਤ ਸਿਫਤਾਂ ਅਲਪੱਗ ਮਨੁੱਖ ਤੋਂ ਬਿਆਨ ਨਹੀਂ ਹੋ ਸਕਦੀਆਂ।ਜਿਸ ਮਨੁੱਖ ਨੂੰ ਤੂੰ (ਸਿਫਤ ਸਲਾਹ ਦੀ) ਦਾਤ ਦੇਂਦਾ ਹੈਂ (ਉਸ ਤੇ ਕਿਸੇ ਹੋਰ ਦਾ) ਕੀ ਜੋਰ ਚਲ ਸਕਦਾ ਹੈ? ਜਿਉ ਤੁਮ ਰਾਖਹੁ ਤਿਉ ਰਹਾ, ਅਵਰੁ ਨਹੀ ਚਾਰਾ।੮੦੯।ਦੂਜਾ ਅਰਥ = ਜਿਸ ਨੂੰ ਤੂੰ (ਅਪਣੇ ਭੰਡਾਰੇ ਵਿਚੋਂ ਦਾਤਾਂ) ਦੇਂਦਾ ਹੈ, ਉਸ ਨੂੰ ਹੋਰ ਕਿਸੇ ਚਾਰੇ ਦੀ ਲੋੜ ਨਹੀਂ (ਡਾ.ਤਾਰਨ ਸਿੰਘ)।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਤੂੰ ਸਦਾ ਕਾਇਮ ਰਹਿਣ ਵਾਲਾ) ਸੱਚ ਸਰੂਪ ਹੈਂ ਅਤੇ (ਸਭ ਦੇ ਮਨ ਨੂੰ) ਸਵਾਰਨ ਵਾਲਾ ਹੈਂ।੪।੨।
ਪਦਾਰਥ = ਸੁਣ-ਸੁਣ ਕੇ।ਸਭੁ ਕੋਇ-ਸਭ ਕੋਈ (ਹਰੇਕ ਜੀਵ)।ਕੇਵਡ-ਕਿਤਨਾ ਵੱਡਾ।ਡੀਠਾ-ਦੇਖਿਆ।ਰਹੇ ਸਮਾਇ-ਲੀਨ ਰਹਿੰਦੇ ਹਨ।ਗਹਿਰ-ਬਹੁਤ ਡੂੰਘਾ।ਗੰਭੀਰਾ-ਅਡੋਲ, ਅਹਿੱਲ (ਗਹਿਰ ਗੰਭੀਰ-ਬਹੁਤ ਗੰਭੀਰ; ਡੂੰਘਾ ਅਤੇ ਅਥਾਹ;ਜਿਸਦਾ ਭਾਵ ਜਾਣਨਾ ਔਖਾ ਹੋਵੇ); ਡੂੰਘੇ ਪਾਣੀ ਚਲਦੇ ਨਹੀਂ ਦਿਸਦੇ, ਇਸ ਸ਼ਬਦ ਦੀ ਵਰਤੋਂ ਵਾਹਿਗੁਰੂ ਲਈ ਕੀਤੀ ਹੋਈ ਹੈ ਕਿ ਉਹ ਬਹੁਤ ਅਡੋਲ ਅਤੇ ਅਹਿੱਲ ਹੈ।ਕੇਤਾ-ਕਿਤਨਾ।ਚੀਰਾ-ਵਿਸਥਾਰ; ਖਿਲਾਰਾ; ਬਲ; ਜੋਰ; ਪੱਗ; ਦਫਤਰ; ਰਾਜ (ਭਾ.ਵੀਰ ਸਿੰਘ)।੧।ਸੁਰਤੀ-ਸੁਰਤ ਜੋੜਨ ਵਾਲਿਆ ਨੇ; ਵੇਦਾਂ ਦੀਆਂ ਸੁਰਤੀਆਂ ਜਾਨਣ ਵਾਲਿਆਂ ਨੇ (ਵੇਦ ਪੜ੍ਹਨ ਵਾਲਿਆਂ ਨੇ ਧਿਆਨ ਜੋੜਨ ਦੀ ਕਮਾਈ ਕੀਤੀ)।ਸੁਰਤਿ-ਧਿਆਨ ਸ਼ਕਤੀ।ਕੀਮਤਿ-ਕੀਮਤ ਪਾਉਣ ਵਾਲਿਆਂ ਨੇ।ਕੀਮਤਿ ਪਾਈ-ਮੁੱਲ ਪਾਇਆ।ਗਿਆਨੀ-ਗਿਆਨ ਵਾਨਾਂ ਨੇ; ਸ਼ਾਸਤ੍ਰਾਂ ਦੇ ਵਕਤਿਆਂ ਨੇ।ਧਿਆਨੀ-ਧਿਆਨ ਜੋੜਨ (ਪ੍ਰਾਣਾਂਯਾਮ ਕਰਨ) ਵਾਲਿਆਂ ਨੇ।ਗੁਰਹਾਈ = ਗੁਰੂਆਂ ਦਾ ਵੱਡਾ ਭਾਵ ਗੁਰੂਆਂ ਦਾ ਗੁਰੂ; ਗੁਰਭਾਈ।ਤਿਲੁ-ਥੋੜੀ ਜਿਹੀ।੨।ਸਤ-ਸਤ ਸੰਤੋਖ ਆਦਿ ਗੁਣ; ਪੁੰਨ ਦਾਨ।ਸਭਿ ਤਪ-ਸਾਰੇ ਤਰ੍ਹਾਂ ਦੇ ਤਪ।ਸਿਧਾ ਪੁਰਖਾ-ਸਿੱਧ ਲੋਕਾਂ ਦੀਆਂ।ਸਿਧੀ-ਪ੍ਰਾਪਤੀ; ਸਫਲਤਾ; ਕਰਾਮਾਤੀ ਤਾਕਤ।ਕਰਮਿ-ਬਖਸ਼ਿਸ਼ ਦੁਆਰਾ।ਠਾਕਿ-ਰੋਕ ਕੇ।ਰਹਾਈਆ-ਰਹਿੰਦੀਆਂ।੩।ਦੇਹਿ-ਦੇਂਦਾ ਹੈ।ਤਿਸੈ-ਉਸ ਨਾਲ।ਚਾਰਾ-ਜੋਰ; ਵੱਸ; ਜਤਨ।੪।੨।
ਵਿਆਖਿਆ = ਨਿਰੰਕਾਰ ਬੇਅੰਤ ਹੈ, ਉਸ ਦੀਆਂ ਸਿਫਤਾਂ ਬੇਅੰਤ ਹਨ, ਉਸਦੀਆਂ ਸਾਰੀਆਂ ਸਿਫਤਾਂ ਨੂੰ ਕੋਈ ਵਰਨਣ ਨਹੀਂ ਕਰ ਸਕਦਾ,

ਕਿਉਂਕਿ ਕਹਿਣ ਵਾਲੇ ਹੱਦਬੰਦੀ ਵਿਚ ਹਨ। ਵਾਹਿਗੁਰੂ ਦੇ ਗੁਣ ਵਾਹਿਗੁਰੂ ਦਾ ਅੰਤ ਪਾਉਣ ਲਈ ਨਹੀਂ ਗਾਏ ਜਾਂਦੇ, ਉਸਦੇ ਗੁਣ ਉਸ ਵਿਚ ਸਮਾਉਣ ਵਾਸਤੇ ਗਾਏ ਜਾਂਦੇ ਹਨ। ਸਮੁੰਦਰ ਦਾ ਅੰਤ ਨਹੀਂ ਪਾਇਆ ਜਾ ਸਕਦਾ, ਪਰ ਸਮੁੰਦਰ ਵਿਚੋਂ ਹੀਰੇ ਮੋਤੀ ਲੱਭ ਕੇ ਲਾਭ ਲਿਆ ਜਾ ਸਕਦਾ ਹੈ। ਸਾਰੇ ਲੋਕ ਸੁਣ ਸੁਣ ਕੇ ਹੀ ਵਾਹਿਗੁਰੂ ਨੂੰ ਵੱਡਾ ਆਖਦੇ ਹਨ ਪਰ ਜਿਸ ਨੇ ਅੱਖਾਂ ਨਾਲ ਦੇਖਿਆ ਹੋਵੇ ਉਹ ਹੀ ਦਸ ਸਕਦਾ ਹੈ ਕਿ ਵਾਹਿਗੁਰੂ ਕਿਤਨਾ ਵੱਡਾ ਹੈ? ਵਾਹਿਗੁਰੂ ਨੂੰ ਦੇਖਣਾ ਵੀ ਨਿਰਾ ਅੱਖਾਂ ਦਾ ਵਿਸ਼ਾ ਨਹੀ, ਗਿਆਨ ਦੀਆਂ ਅੱਖਾਂ ਨਾਲ ਅਨੁਭਵ ਕਰਕੇ ਹੀ ਉਸਦੀ ਵਡੱਪਣ ਦਾ ਪਤਾ ਚਲਦਾ ਹੈ {ਨਾਨਕ ਸੇ ਅਖੜੀਆਂ ਬਿਅੰਨਿ, ਜਿਨੀ ਡਿਸੰਦੋ ਮਾ ਪਿਰੀ ੫੭੭}। ਸਾਡਾ ਸੁਣ ਸੁਣ ਕੇ ਵੱਡਾ ਆਖਣਾ ਨਿਜ ਦਾ ਤਜਰਬਾ ਨਹੀਂ ਹੈ, ਜਿਹੜੇ ਨਾਮ ਸਿਮਰਨ ਅਤੇ ਸਿਫਤ ਸਲਾਹ ਦੁਆਰਾ ਕਿਸੇ ਵਿਸਮਾਦੀ ਝਲਕ ਨਾਲ ਅਨੁਭਵ ਵਿਚ ਜਾਂਦੇ ਹਨ, ਉਹ ਦੇਖ ਕੇ ਆਖਦੇ ਹਨ = ਕਹੁ ਕਬੀਰ ਜਿਨਿ ਦੀਆ ਪਲੀਤਾ, ਤਿਨਿ ਤੈਸੀ ਝਲ ਦੇਖੀ। (੩੩੩)। ਇਹ ਸਭ ਪ੍ਰਾਪਤੀਆਂ ਉਸਦੀ ਮੇਹਰ ਨਾਲ ਹੀ ਹੁੰਦੀਆਂ ਹਨ।

ਉਥਾਨਕਾ = ਗੁਰੂ ਨਾਨਕ ਦੇਵ ਜੀ ਖਾਂਦੇ ਪੀਂਦੇ ਘਟ ਅਤੇ ਸਿਮਰਨ ਬਹੁਤ ਕਰਿਆ ਕਰਦੇ ਸਨ। ਇਕ ਦਿਨ ਮਾਤਾ ਤ੍ਰਿਪਤਾ ਜੀ ਨੇ ਪੁਛਿਆ ਕੀ ਤੁਹਾਨੂੰ ਭੁੱਖ ਨਹੀਂ ਲਗਦੀ? ਗੁਰੂ ਜੀ ਨੇ ਇਸ ਸ਼ਬਦ ਰਾਹੀਂ ਮਾਤਾ ਜੀ ਨੂੰ ਉਤਰ ਦਿਤਾ।

ਆਸਾ ਮਹਲਾ ੧ ॥ ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ (ਹੇ ਮੇਰੀ ਮਾਂ!) ਜੇ ਮੈਂ (ਵਾਹਿਗੁਰੂ ਦਾ ਨਾਮ) ਆਖਦਾ (ਜਪਦਾ) ਹਾਂ ਤਾਂ ਮੈਂ ਜਿਉਂਦਾ ਹਾਂ ਅਤੇ ਜੇ ਮੈਨੂੰ ਨਾਮ ਭੁੱਲ ਜਾਂਦਾ ਹੈ ਤਾਂ ਮੈ ਮਰ ਜਾਂਦਾ ਹਾਂ ਭਾਵ ਬਹੁਤ ਦੁਖੀ ਹੁੰਦਾ ਹਾਂ {ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ ੫੮}। (ਪਰ) ਇਹ ਸੱਚਾ ਨਾਮ ਆਖਣਾ (ਜਪਣਾ ਬਹੁਤ) ਔਖਾ ਹੈ {ਆਖਣਿ ਅਉਖਾ ਸੁਨਣਿ ਅਉਖਾ, ਆਖਿ ਨ ਜਾਪੀ ਆਖਿ।....ਆਖਣਿ ਅਉਖਾ ਨਾਨਕਾ,ਆਖਿ ਨ ਜਾਪੈ ਆਖਿ ੧੨੩੯}। ਮੈਨੂੰ ਸੱਚੇ ਨਾਮ ਦੀ ਹੀ ਭੁੱਖ ਲਗਦੀ ਹੈ। ਉਸ (ਨਾਮ ਦੀ) ਭੁੱਖ ਦੇ (ਲਗਣ) ਨਾਲ ਦੁਖ ਖਾਧੇ ਜਾਂਦੇ ਹਨ (ਇਸ ਤਰ੍ਹਾਂ ਦੁੱਖ) ਚਲੇ ਜਾਂਦੇ ਹਨ। ਦੂਜਾ ਅਰਥ = ਉਸ ਭੁੱਖ ਦੇ ਲਗਿਆਂ ਨਾਮ ਭੋਜਨ ਖਾ ਕੇ ਸਾਰੇ ਦੁਖ ਚਲੇ ਜਾਂਦੇ ਹਨ (ਇਸ ਨਾਲ ਮਿਲਦਾ ਅਰਥ ਭਾ. ਵੀਰ ਸਿੰਘ ਅਤੇ ਡਾ. ਤਾਰਨ ਸਿੰਘ ਨੇ ਕੀਤਾ ਹੈ)।੧।

ਸਾਖੀ = ਲਹੌਰ ਵਿਖੇ ਭਾਟੀਆ ਜਾਤ ਦਾ ਸਰਾਫ ਦਾ ਕੰਮ ਕਰਨ ਵਾਲਾ ਇਕ ਛੱਜੂ ਭਗਤ ਹੋਇਆ ਹੈ, ਇਸ ਦਾ ਦਿਹਾਂਤ ੧੬੩੯ ਈ. ਵਿਚ ਹੋਇਆ ਹੈ। ਇਸ ਦੀ ਦੁਕਾਨ ਵਾਲੀ ਥਾਂ ਤੇ ਮਹਾਰਾਜਾ ਰਣਜੀਤ ਸਿੰਘ ਨੇ ਸੁੰਦਰ ਮੰਦਰ ਬਣਵਾ ਦਿਤਾ। ਛੱਜੂ ਦਾ ਚੁਬਾਰਾ ਬੜਾ ਮਸ਼ਹੂਰ ਹੈ, ਜਿਥੇ ਬੈਠ ਕੇ ਇਹ ਬੰਦਗੀ ਕਰਦਾ ਹੁੰਦਾ ਸੀ। ਪੰਜਾਬੀ ਦੀ ਇਹ ਕਹਾਵਤ ਹੈ 'ਜੋ ਸੁਖ ਛੱਜੂ ਦੇ ਚੁਬਾਰੇ। ਉਹ ਬਲਖ ਨਾ ਬੁਖਾਰੇ'। ਇਕ ਦਿਨ ਬਹੁਤ ਬਰਖਾ ਹੋਣ ਕਰਕੇ ਰੋਜ ਦੀ ਕਿਰਤ ਕਰਕੇ ਗੁਜਾਰਾ ਕਰਨ ਵਾਲੇ ਕੁਝ ਘਬਰਾਏ ਹੋਏ ਮਜਦੂਰ ਮੀਂਹ ਤੋਂ ਬਚਣ ਲਈ ਛੱਜੂ ਦੇ ਮਕਾਨ ਹੇਠ ਆ ਖੜੇ ਹੋਏ। ਜਦ ਭਗਤ ਛੱਜੂ ਦੀ ਨਜਰ ਇਨ੍ਹਾਂ ਮਜਦੂਰਾਂ ਤੇ ਪਈ ਤਾਂ ਭਗਤ ਜੀ ਨੇ ਘਬਰਾਹਟ ਦਾ ਕਾਰਣ ਪੁਛਿਆ। ਮਜਦੂਰਾਂ ਨੇ ਕਿਹਾ ਕਿ ਮੀਂਹ ਦੇ ਕਾਰਣ ਕੰਮ ਨਹੀਂ ਮਿਲਿਆ, ਇਸ ਕਰਕੇ ਅਸੀਂ ਉਦਾਸ ਹਾਂ। ਰੋਜ ਦੀ ਕਮਾਈ ਨਾਲ ਹੀ ਸਾਡੇ ਘਰਾਂ ਦਾ ਗੁਜਾਰਾ ਚਲਦਾ ਹੈ। ਭਗਤ ਜੀ ਆਖਣ ਲਗੇ ਅਸੀਂ ਤੁਹਾਨੂੰ ਕੰਮ ਤੇ ਲਗਾਉਂਦੇ ਹਾਂ ਅਤੇ ਪੈਸੇ ਵੀ ਦੁੱਗਣੇ ਮਿਲਣਗੇ। ਭਗਤ ਜੀ ਨੇ ਮਜਦੂਰਾਂ ਨੂੰ ਇਸ਼ਨਾਨ ਕਰਾ ਕੇ ਚੌਂਕੜਾ ਮਾਰ ਕੇ ਭਜਨ ਕਰਨ ਲਾ ਦਿਤਾ ਅਤੇ ਆਖਿਆ ਤੁਹਾਡੇ ਲਈ ਪ੍ਰਸਾਦਾ ਪਾਣੀ ਵੀ ਇਥੇ ਹੀ ਮਿਲੇਗਾ। ਜਿਨ੍ਹਾਂ ਦੀ ਆਦਤ ਹਰ ਰੋਜ ਫਿਰ ਤੁਰ ਕੰਮ ਕਰਨ ਦੀ ਹੈ ਅਤੇ ਭਜਨ ਦੀ ਲਗਨ ਨਹੀਂ ਲੱਗੀ, ਉਹ ਕਦੋਂ ਬੈਠ ਕੇ ਭਜਨ ਕਰ ਸਕਦੇ ਹਨ? ਆਖਰ ਅੱਕ ਕੇ ਭਗਤ ਜੀ ਕੋਲ ਆ ਕੇ ਆਖਣ ਲਗੇ ਕਿ ਤੁਹਾਡਾ ਦਿਤਾ ਕੰਮ ਬਹੁਤ ਔਖਾ ਹੈ, ਸਾਥੋਂ ਹੋਣਾ ਮੁਸ਼ਕਲ ਹੈ।

ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬ ਸਾਚੈ ਨਾਇ ॥੧॥ ਰਹਾਉ ॥ ਹੇ ਮੇਰੀ ਮਾਂ! (ਮੇਰਾ) ਮਾਲਕ ਸੱਚਾ ਹੈ ਅਤੇ (ਉਸਦਾ) ਨਾਮ ਵੀ ਸੱਚਾ ਹੈ। ਇਸ ਕਰਕੇ ਉਹ (ਵਾਹਿਗੁਰੂ ਮੈਨੂੰ) ਕਿਉਂ ਵਿਸਰੇ?।੧। ਰਹਾਉ। ਅਲਹੁ ਨ ਵਿਸਰੈ ਦਿਲ ਜੀਅ ਪ੍ਰਾਨ (੧੧੩੮)।

ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥ ਸੱਚੇ ਨਾਮ ਦੀ ਵਡਿਆਈ ਬਹੁਤ ਲੋਕ ਆਖ ਆਖ ਕੇ ਥੱਕ ਗਏ ਹਨ, ਪਰ ਤਿਲ ਜਿੰਨੀ ਵੀ ਕੀਮਤ ਨਹੀਂ ਪਾ ਸਕੇ। ਦੂਜਾ ਅਰਥ = ਸੱਚੇ ਨਾਮ ਦੀ ਥੋੜੀ ਜਿਹੀ ਵਡਿਆਈ ਆਖ ਕੇ ਹੀ ਲੋਕ ਥੱਕ ਗਏ ਹਨ (ਪ੍ਰਮਾਤਮਾ ਦੀ), ਕੀਮਤ ਕੋਈ ਨਹੀਂ ਪਾ ਸਕਆ। (ਮੇਰਾ ਖਿਆਲ)। ਜੇ ਸਾਰੇ (ਲੋਕ) ਮਿਲ ਕੇ (ਉਸਦੀ ਮਹਿਮਾਂ) ਆਖਣ ਲਗ ਪੈਣ ਤਾਂ (ਉਹ) ਨਾ ਵੱਡਾ ਹੁੰਦਾ ਹੈ ਅਤੇ (ਵਡਿਆਈ) ਨਾ ਕਰਨ ਨਾਲ (ਅੱਗੇ ਨਾਲੋਂ) ਘਟ ਨਹੀਂ ਜਾਂਦਾ।੨।

ਨ ਘਾਟ ਹੈ ਨਾ ਬਾਢ ਹੈ, ਨ ਘਾਟ ਬਾਢ ਹੋਤ ਹੈ। (ਦਸਮ ਗ੍ਰੰਥ ਪੰਨਾ ੨੬)।

ਨਾ ਓਹੁ ਮਰੈ ਨਾ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਨਾਂ ਉਹ (ਪ੍ਰਮੇਸ਼ਰ) ਮਰਦਾ ਹੈ ਅਤੇ ਨਾ ਹੀ (ਉਸਨੂੰ ਕਿਸੇ ਕਿਸਮ ਦਾ) ਸੋਗ ਹੁੰਦਾ ਹੈ ਜਾਂ ਨਾ (ਉਸਦੇ ਪਿਆਰਿਆਂ ਨੂੰ ਉਸਦੇ ਮਰਨ ਦਾ) ਸੋਗ ਹੁੰਦਾ ਹੈ ਭਾਵ ਉਹ ਅਮਰ ਹੈ ਉਸ ਨੂੰ ਮੰਨਣ ਵਾਲੇ ਵੀ ਅਮਰ ਹੋ ਜਾਂਦੇ ਹਨ । ਉਹ ਦਾਤਾਂ ਦੇਂਦਾ ਰਹਿੰਦਾ ਹੈ, ਉਸਦੇ (ਭੰਡਾਰੇ ਵਿਚੋਂ) ਪਦਾਰਥ ਮੁਕਦੇ ਨਹੀਂ ਜਾਂ ਭੰਡਾਰਾ ਜੀਵਾਂ ਦੇ ਖਾਧਿਆਂ ਮੁਕਦਾ ਨਹੀਂ। ਦੂਜਾ ਅਰਥ = ਉਹ ਦੇਂਦਾ ਰਹਿੰਦਾ ਹੈ, ਪਦਾਰਥ ਦੇਣੋਂ ਕਦੇ ਭੁਲਦਾ ਨਹੀਂ।

ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥ ਉਸਦਾ ਸਭ ਤੋਂ ਵੱਡਾ) ਗੁਣ ਏਹ ਹੈ ਕਿ ਉਸ ਵਰਗਾ ਹੋਰ ਦੂਜਾ ਕੋਈ ਨਹੀਂ। ਦੂਜਾ ਅਰਥ = ਇਹੋ ਜਿਹਾ ਗੁਣ ਪ੍ਰਭੂ ਤੋਂ ਬਿਨਾ ਹੋਰ ਕਿਸੇ ਵਿਚ ਨਹੀਂ।(ਉਸ ਵਰਗਾ ਹੁਣ ਤਕ) ਨਾ ਕੋਈ ਹੋਇਆ ਹੈ ਅਤੇ ਨਾ ਹੀ ਕਦੇ ਅੱਗੋਂ ਨੂੰ ਹੋਵੇਗਾ।੩।

ਜੇਵਡੁ ਆਪਿ ਤੇਵਡ ਤੇਰੀ ਦਾਤਿ ॥ (ਅਖੀਰ ਵਿਚ ਪ੍ਰਭੂ ਦੀ ਮਹਿਮਾਂ ਕਰਦੇ ਹਨ, ਹੇ ਪ੍ਰਭੂ !) ਜਿਤਨਾ ਵੱਡਾ (ਤੂੰ) ਆਪ ਹੈ, ਉਤਨੀ ਵੱਡੀ ਹੀ ਤੇਰੀ ਦਾਤ ਹੈ।

ਅੰਗ ੧੦ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥ ਜਿਸ ਨੇ (ਕੰਮ ਕਾਜ ਕਰਨ ਲਈ) ਦਿਨ ਬਣਾ ਕੇ (ਆਰਾਮ ਕਰਨ ਲਈ) ਰਾਤ ਬਣਾਈ ਹੈ।(ਇਹੋ ਜਿਹੇ) ਮਾਲਕ ਪ੍ਰਭੂ ਨੂੰ ਜਿਹੜੇ ਮਨੁੱਖ ਭੁੱਲ ਜਾਂਦੇ ਹਨ, ਉਹ ਨੀਚ ਜਾਤ ਦੇ (ਕਮੀਨੇ) ਹਨ ਭਾਵ ਪ੍ਰਭੂ ਨੂੰ ਭੁੱਲ ਕੇ ਮਨੁੱਖ ਨੀਚ ਬਣ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਨਾਮ ਤੋਂ ਬਾਂਝੇ ਮਨੁੱਖ (ਅੱਤ) ਨੀਚ ਹਨ।੪।੩।

ਪਦਾਰਥ = ਆਖਾ-ਆਖਦਾ (ਸਿਮਰਦਾ) ਹਾਂ। ਜੀਵਾ-ਮੈਂ ਜਿਉਂਦਾ ਹਾਂ। ਵਿਸਰੈ-ਜੇ ਭੁੱਲ ਜਾਂਦਾ ਹੈ। ਮਰਿ ਜਾਉ-ਮਰ ਜਾਂਦਾ ਹਾਂ ਭਾਵ ਆਤਮਕ ਜੀਵਨ ਬਰਬਾਦ ਹੋ ਜਾਂਦਾ ਹੈ। ਉਤੁ ਭੂਖੈ-ਉਸ ਭੁੱਖ ਦੇ ਕਾਰਣ। ਚਲੀਅਹਿ-ਚਲੇ (ਦੂਰ ਹੋ) ਜਾਂਦੇ ਹਨ।੧। ਸੋ-ਉਹ (ਪ੍ਰਭੂ) ।ਮਾਇ-ਹੇ ਮਾਂ। ਸਾਚਾ ਸਾਹਿਬੁ-ਸੱਚਾ ਮਾਲਕ (ਪ੍ਰਭੂ)। ਨਾਇ-ਨਾਮ।੧। ਰਹਾਉ। ਤਿਲੁ-ਥੋੜੀ ਜਿਹੀ। ਆਖਣਿ ਪਾਹਿ-ਆਖਣ ਲਗ ਪੈਣ।੨। ਨ ਚੂਕੈ-ਨਹੀਂ ਮੁੱਕਦੇ; ਭੁਲਦਾ ਨਹੀਂ। ਭੋਗੁ-ਖਾਣ ਵਾਲੇ ਪਦਾਰਥ। ਨ ਕੋ-ਕੋਈ ਨਹੀਂ।੩। ਜੇਵਡੁ-ਜਿਤਨਾ ਵੱਡਾ। ਤੇਵਡ-ਉਤਨੀ ਵੱਡੀ। ਕਰਿ ਕੈ-ਪੈਦਾ ਕਰਕੇ (ਬਣਾ ਕੇ)। ਖਸਮੁ-ਮਾਲਕ ਪ੍ਰਭੂ ਨੂੰ। ਵਿਸਰਹਿ-ਭੁਲਾ ਦੇਂਦੇ ਹਨ। ਤੇ-ਉਹ (ਮਨੁੱਖ)। ਕਮਜਾਤਿ-ਨੀਚ ਜਾਤ; ਕਮੀਨਾ। ਸਨਾਤਿ-ਬਹੁਤ ਨੀਵੀਂ (ਨਖਿੱਧ) ਜਾਤ (ਸਾਂਹਸੀ ਜਾਂ ਗੰਦ ਆਦਿ ਢੋਣ ਵਾਲਿਆਂ ਦੀ ਜਾਤ)।੪।੩।

ਵਿਆਖਿਆ = ਇਸ ਸ਼ਬਦ ਵਿਚ ਗੁਰੂ ਜੀ ਦਸਦੇ ਹਨ ਕਿ ਨਾਮ ਸਿਮਰਨ ਮੇਰਾ ਜੀਵਨ ਬਣ ਗਿਆ ਹੈ, ਮੈਂ ਇਸ ਬਿਨਾ ਹੁਣ ਰਹਿ ਨਹੀਂ ਸਕਦਾ। ਬਚਪਨ ਤੋਂ ਮਨੁੱਖ ਦਾ ਮੋਹ ਮਮਤਾ, ਕੂੜ, ਹੇਰਾ ਫੇਰੀ ਵਾਲਾ ਸੁਭਾਵ ਬਣਿਆ ਹੋਣ ਕਰਕੇ ਨਾਮ ਜਪਣਾ ਔਖਾ ਲਗਦਾ ਹੈ। ਨਾਮ ਤਾਂ ਜਪਿਆ ਜਾਂਦਾ ਹੈ ਜੇ ਨਾਮ ਦੀ ਭੁੱਖ ਲੱਗੇ, ਨਾਮ ਜਦ ਜੀਵਨ ਦਾ ਜਰੂਰੀ ਭੋਜਨ ਬਣ ਜਾਂਦਾ ਹੈ ਤਾਂ ਦੁੱਖ ਮਿਟ ਜਾਂਦੇ ਹਨ ਜਾਂ ਮਿੱਠੇ ਹੋ ਕੇ ਸਹਿ ਹੋ ਜਾਂਦੇ ਹਨ। ਜੀਵਨ ਸੁਖ ਮਈ ਬਣ ਜਾਂਦਾ ਹੈ। ਮਨੁਖ ਵਾਹਿਗੁਰੂ ਦੀ ਅੰਸ਼ ਵਿਚੋਂ ਹੈ {ਕਹੁ ਕਬੀਰ ਇਹੁ ਰਾਮ ਕੀ ਅੰਸੁ ੮੭੧},ਪਰ ਵਾਹਿਗੁਰੂ ਨੂੰ ਭੁੱਲ ਕੇ ਮਨੁੱਖ ਦੀ ਵਾਹਿਗੁਰੂ ਦੇ ਖਾਨਦਾਨ ਵਾਲੀ ਜਾਤ ਨਹੀਂ ਰਹੀ। ਮਨੁੱਖ ਨੀਵੀ ਜਾਤ ਦਾ ਬਣ ਗਿਆ ਕਿਉਂਕਿ ਉਸ ਨਾਲੋਂ ਟੁੱਟ ਕੇ ਮਨਮੁਖਾਂ ਵਾਲਾ ਜੀਵਨ ਬਤੀਤ ਕਰਦਾ ਹੈ।

ਉਥਾਨਕਾ = ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਦੇਣ ਲਗਿਆਂ ਕੁਝ ਮੰਗਣ ਲਈ ਕਿਹਾ, ਤਦ ਗੁਰੂ ਰਾਮਦਾਸ ਜੀ ਨੇ ਇਹ ਸ਼ਬਦ ਉਚਾਰਿਆ। ਫ.ਸ. ਵਿਚ ਲਿਖਿਆ ਹੈ ਕਿ ਇਹ ਸ਼ਬਦ ਗੁਰੂ ਰਾਮਦਾਸ ਜੀ ਨੇ ਵਿਆਹ ਸਮੇਂ ਉਚਾਰਿਆ ਸੀ, ਜਦੋਂ ਗੁਰੂ ਅਮਰਦਾਸ ਜੀ ਨੇ ਕੁਝ ਮੰਗਣ ਲਈ ਕਿਹਾ ਸੀ। ਸ਼ਬਦ ਦੇ ਭਾਵ ਵਿਚ ਰਸ ਰੰਗ ਭਰੀ ਨਾਮ ਰਸ ਦੀ ਮੰਗ ਹੈ। ਗੁਰੂ ਰਾਮਦਾਸ ਜੀ ਨਾਲ ਚਾਹੇ ਇਸ ਸਾਖੀ ਦਾ ਸਬੰਧ ਗੁਰਿਆਈ ਮਿਲਣ ਤੋਂ ਪਹਿਲਾਂ ਦਾ ਹੋਵੇ, ਚਾਹੇ ਬਾਦ ਦਾ, ਗੁਰੂ ਜੀ ਉਸ ਨੂੰ ਗੁਰਿਆਈ ਮਿਲਣ ਤੋਂ ਬਾਦ ਵੀ ਗੁਰਬਾਣੀ ਰੂਪ ਵਿਚ ਉਚਾਰ ਸਕਦੇ ਹਨ। ਗੁਰੂ ਅਮਰਦਾਸ ਜੀ ਦੀ ਸੇਵਾ ਕਰਨ ਸਮੇਂ ਜੋ ਵੀ ਘਟਨਾਵਾਂ ਵਾਪਰੀਆਂ ਜਾਂ ਜੋ ਵੀ ਬਖਸ਼ਿਸ਼ਾਂ ਹੋਈਆਂ, ਗੁਰੂ ਰਾਮਦਾਸ ਜੀ ਨੇ ਗੁਰ ਗੱਦੀ ਹਾਸਲ ਕਰਨ ਤੋਂ ਬਾਦ ਉਨ੍ਹਾਂ ਘਟਨਾਵਾਂ ਨੂੰ ਗੁਰਬਾਣੀ ਰੂਪ ਦਿਤਾ। ਜਿਵੇਂ ਗਉੜੀ ਦੀ ਵਾਰ ਵਿਚ ਗੋਇੰਦੇ ਖੱਤ੍ਰੀ ਵਾਲੀ ਘਟਨਾ (ਮਲ ਜੁਈ ਭਰਿਆ...੩੦੬, ਤਪਾ ਨ ਹੋਵੈ ਅੰਦਰਹੁ ਲੋਭੀ...੩੧੫) ਅਤੇ ਤੁਖਾਰੀ ਰਾਗ (ਨਾਵਣੁ ਪੁਰਬੁ ਅਭੀਚੁ.... ਤੀਰਥ ਉਦਮੁ ਸਤਿਗੁਰੂ ਕੀਆ... ੧੧੧੬) ਵਿਚ ਗੁਰੂ ਅਮਰਦਾਸ ਜੀ ਦੇ ਗੰਗਾ ਆਦਿ ਤੀਰਥਾਂ ਤੇ ਜਾਣ ਦਾ ਵਰਨਣ।

ਰਾਗੁ ਗੂਜਰੀ ਮਹਲਾ ੪ ॥ ਹਰਿ ਕੇ ਜਨ ਸਤਿਗੁਰ ਸਤ ਪੁਰਖਾ, ਬਿਨਉ ਕਰਉ ਗੁਰ ਪਾਸਿ ॥ ਹਮ ਕੀਰੇ ਕਿਰਮ ਸਤਿਗੁਰ ਸਰਣਾਈ, ਕਰਿ ਦਇਆ ਨਾਮੁ ਪਰਗਾਸਿ ॥੧॥ ਹੇ ਸਤਿ ਪੁਰਖ ਸਤਿਗੁਰੂ ਹਰੀ ਦੇ ਸੇਵਕ ਗੁਰੂ ਜੀ ! (ਮੈਂ ਆਪ ਜੀ ਦੇ) ਪਾਸ ਅਰਦਾਸ ਕਰਦਾ ਹਾਂ। ਅਸੀਂ ਅੱਤ ਨਿਮਾਣੇ (ਦਾਸਾਂ ਦੇ ਦਾਸ ਆਪ) ਸਤਿਗੁਰੂ ਦੀ ਸ਼ਰਣ ਵਿਚ ਆਏ ਹਾਂ, ਦਇਆ ਕਰਕੇ (ਸਾਡੇ ਹਿਰਦਿਆਂ ਵਿਚ) ਨਾਮ ਦਾ ਪ੍ਰਕਾਸ਼ ਕਰੋ।੧।

ਮੇਰੇ ਮੀਤ ਗੁਰਦੇਵ, ਮੋਕਉ ਰਾਮ ਨਾਮੁ ਪਰਗਾਸਿ ॥ ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ, ਹਰਿ ਕੀਰਤਿ ਹਮਰੀ ਰਹਰਾਸਿ ॥੧॥ਰਹਾਉ॥ ਹੇ ਮੇਰੇ ਗੁਰਦੇਵ ਮਿਤ੍ਰ ਜੀ ! ਮੈਨੂੰ (ਮੇਰੇ ਅੰਦਰ) ਰਾਮ ਦਾ ਨਾਮ ਪ੍ਰਕਾਸ਼ (ਪਰਗਟ) ਕਰ ਦਿਓ ਜੀ। ਗੁਰੂ ਦੀ ਸਿਖਿਆ ਦੁਆਰਾ ਮਿਲਿਆ (ਵਾਹਿਗੁਰੂ) ਨਾਮ ਮੇਰੇ ਪ੍ਰਾਣਾਂ ਦਾ ਸਾਥੀ ਬਣਿਆ ਰਹੇ ਅਤੇ ਹਰੀ ਦਾ ਜਸ ਸਾਡੀ ਰਹੁਰੀਤੀ (ਰਹਿਤ ਮਰਿਆਦਾ ਭਾਵ ਨਿਤਨੇਮ) ਬਣ ਜਾਵੇ।੧। ਰਹਾਉ।

ਹਰਿ ਜਨ ਕੇ ਵਡਭਾਗ ਵਡੇਰੇ, ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥ ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ, ਮਿਲਿ ਸੰਗਤਿ ਗੁਣ ਪਰਗਾਸਿ

॥੨॥ ਹਰੀ ਦੇ ਸੇਵਕਾਂ ਦੇ ਵੱਡਿਆਂ ਤੋਂ ਵੱਡੇ (ਸਭ ਤੋਂ ਉਚੇ) ਭਾਗ ਹਨ, ਜਿਨ੍ਹਾਂ ਦੇ ਅੰਦਰ ਹਰੀ (ਨਾਮ) ਦੀ ਸ਼ਰਧਾ ਅਤੇ ਹਰੀ ਦੀ ਪਿਆਸ ਹੈ (ਜਾਂ ਮਨ ਕਰਕੇ ਸ਼ਰਧਾ ਅਤੇ ਤਨ ਕਰਕੇ ਪਿਆਸ ਹੈ (ਭਾ. ਵੀਰ ਸਿੰਘ)। ਉਹ ਹਰੀ ਦਾ ਨਾਮ ਮਿਲਣ ਤੇ ਤ੍ਰਿਪਤ ਹੁੰਦੇ ਹਨ ਅਤੇ ਸਤ ਸੰਗਤ ਵਿਚ ਮਿਲ ਕੇ (ਉਨ੍ਹਾਂ ਦੇ ਅੰਦਰ ਦੈਵੀ) ਗੁਣ ਪ੍ਰਕਾਸ਼ (ਪੈਦਾ) ਹੁੰਦੇ ਹਨ।੨।

ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ, ਤੇ ਭਾਗ ਹੀਣ ਜਮ ਪਾਸਿ ॥ਜੋ ਸਤਿਗੁਰ ਸਰਣਿ ਸੰਗਤਿ ਨਹੀਂ ਆਏ, ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥ ਜਿਨ੍ਹਾਂ ਨੇ ਹਰੀ ਅਤੇ ਹਰੀ ਦੇ ਨਾਮ ਰਸ ਨੂੰ ਪ੍ਰਾਪਤ ਨਹੀਂ ਕੀਤਾ, ਉਹ ਭਾਗਾਂ ਤੋਂ ਹੀਣੇ ਮਨੁੱਖ ਜਮਾਂ ਪਾਸ ਜਾਂਦੇ ਹਨ ਭਾਵ ਜਮਾਂ ਦੇ ਵੱਸ ਪੈਂਦੇ ਹਨ {ਨਾਮੁ ਪਦਾਰਥੁ ਜਿਨ ਨਰ ਨਹੀ ਪਾਇਆ, ਸੇ ਭਾਗ ਹੀਣ ਮੁਏ ਮਰਿ ਜਾਵੈ ੪੯੪}। ਜਿਹੜੇ ਮਨੁੱਖ ਸਤਿਗੁਰੂ ਦੀ ਸ਼ਰਣ ਅਤੇ ਸਤਸੰਗਤ ਵਿਚ ਨਹੀਂ ਆਏ, ਉਨ੍ਹਾਂ ਦਾ (ਪਿਛਲਾ) ਜਿਉਣਾ ਵੀ ਧ੍ਰਿਗ ਹੈ ਅਤੇ (ਅਗੇ) ਜੀਉਣ ਦੀ ਆਸ ਵੀ ਧ੍ਰਿਗ ਹੈ।੩। ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ, ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ।(੧੧੭੯)

ਜਿਨ ਹਰਿਜਨ ਸਤਿਗੁਰ ਸੰਗਤਿ ਪਾਈ, ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥ ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ, ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥ ਹਰੀ ਦੇ ਜਿਨ੍ਹਾਂ ਸੇਵਕਾਂ ਨੇ ਸਤਿਗੁਰੂ ਦੀ ਸੰਗਤ ਪ੍ਰਾਪਤ ਕੀਤੀ ਹੈ, ਉਨ੍ਹਾਂ ਦੇ ਮੱਥੇ ਉਤੇ ਧੁਰ ਤੋਂ ਸ੍ਰੇਸਟ ਲੇਖ ਲਿਖਿਆ ਹੋਇਆ ਹੈ। ਸਤਿਸੰਗਤ ਧੰਨ ਧੰਨ ਹੈ ਜਿਸ ਕਰਕੇ (ਸੇਵਕਾਂ ਨੇ) ਹਰੀ ਦਾ ਨਾਮ ਰਸ ਪ੍ਰਾਪਤ ਕੀਤਾ ਹੈ, ਗੁਰੂ ਜੀ ਆਖਦੇ ਹਨ ਕਿ (ਇਹੋ ਜਿਹੇ) ਸੇਵਕਾਂ ਨੂੰ ਮਿਲ ਕੇ (ਹਿਰਦੇ ਵਿਚ ਹਰੀ ਦਾ) ਨਾਮ ਪ੍ਰਕਾਸ਼ਦਾ (ਪ੍ਰਗਟ ਹੁੰਦਾ) ਹੈ।੪।

ਪਦਾਰਥ = ਹਰਿ ਕੇ ਜਨ–ਹਰੀ ਦੇ ਸੇਵਕ। ਬਿਨਉ–ਬੇਨਤੀ। ਕਰਉ–ਮੈਂ ਕਰਦਾ ਹਾਂ। ਕੀਰੇ–ਕੀੜੇ–ਤੁੱਛ ਜਿਹੇ ਸੇਵਕ। ਕਿਰਮ–ਬਹੁਤ ਨਿੱਕੇ ਕੀੜੇ (ਅੱਤ ਨਿਮਾਣੇ ਸੇਵਕ)। ਪਰਗਾਸਿ–ਪ੍ਰਕਾਸ਼; ਪਰਗਟ (ਪੈਦਾ) ਕਰ ਦਿਓ।੧। ਮੋਕਉ–ਮੈਨੂੰ। ਪ੍ਰਾਨ ਸਖਾਈ–ਪ੍ਰਾਣਾਂ ਦਾ ਸਹਾਇਕ (ਜਾਂ ਮਿਤ੍ਰ)। ਕੀਰਤਿ–ਜਸ। ਰਹਰਾਸਿ–ਰਹੁ ਰੀਤੀ; ਨਿਤਨੇਮ; ਰਹਿਤ ਮਰਿਆਦਾ।੧। ਰਹਾਉ। ਤ੍ਰਿਪਤਾਸਹਿ–ਰੱਜ ਜਾਂਦੇ ਹਨ। ਮਿਲਿ–ਮਿਲ ਕੇ।੨। ਭਾਗ ਹੀਣ–ਬਦ ਕਿਸਮਤ। ਜਮ ਪਾਸਿ–ਜਮਾਂ ਕੋਲ ਭਾਵ ਜਮਾਂ ਦੇ ਵਸ। ਧ੍ਰਿਗੁ ਜੀਵੇ–ਜਿਉਣ ਨੂੰ ਲਾਹਣਤ ਹੈ। ਜੀਵਾਸਿ–ਜਿਉਣ ਦੀ ਆਸ।੩। ਧੁਰਿ–ਧੁਰ ਤੋਂ। ਮਸਤਕਿ–ਮੱਥੇ ਉਤੇ। ਲਿਖਾਸਿ–ਸ੍ਰੇਸਟ ਲੇਖ। ਜਿਤੁ–ਜਿਸ (ਕਰਕੇ)।੪।੪।

ਉਥਾਨਕਾ =ਜਦੋਂ ਗੁਰੂ ਅਰਜਨ ਦੇਵ ਜੀ ਗੁਰਤ ਗੱਦੀ ਤੇ ਬੈਠੇ ਹੀ ਸਨ ਤਾਂ ਪ੍ਰਿਥੀ ਚੰਦ ਈਰਖਾ ਵਸ ਲੜਾਈ ਝਗੜੇ ਕਰਦਾ ਸੀ। ਸੰਗਤਾਂ ਦੀ ਲਿਆਂਦੀ ਹੋਈ ਕਾਰ ਭੇਟ ਮਸੰਦਾਂ ਨੂੰ ਲਾਲਚ ਦੇ ਕੇ ਆਪ ਰੱਖ ਲੈਂਦਾ ਅਤੇ ਲੰਗਰ ਛਕਣ ਲਈ ਸੰਗਤਾਂ ਨੂੰ ਗੁਰੂ ਕੇ ਲੰਗਰ ਵਿਚ ਭੇਜ ਦਿੰਦਾ, ਸੰਗਤਾਂ ਰੁੱਖਾ ਮਿੱਸਾ ਗੁਰੂ ਕੇ ਲੰਗਰ ਵਿਚੋਂ ਛਕ ਕੇ ਵਾਪਸ ਚਲੇ ਜਾਂਦੀਆਂ। ਇਨ੍ਹਾਂ ਦਿਨਾਂ ਵਿਚ ਭਾਈ ਗੁਰਦਾਸ ਜੀ ਪ੍ਰਚਾਰ ਹਿਤ ਅਗਰੇ ਗਏ ਹੋਏ ਸਨ, ਜਦੋਂ ਉਹ ਸੰਗਤਾਂ ਸਣੇ ਵਾਪਸ ਅੰਮ੍ਰਿਤਸਰ ਆਏ ਤਾਂ ਲੰਗਰ ਵਿਚ ਰਸਦ ਪਾਣੀ ਆਦਿ ਦੀ ਤੋਟ ਦੇਖ ਕੇ ਮਾਤਾ ਭਾਨੀ ਜੀ ਨੂੰ ਪੁਛਣ ਲੱਗੇ। ਸਾਰਾ ਕੁਝ ਪਤਾ ਲੱਗਣ ਤੇ ਬਾਬਾ ਬੁੱਢਾ ਜੀ ਨਾਲ ਰਲ ਕੇ ਸੰਗਤਾਂ ਦੇ ਆਉਣ ਵਾਲੇ ਰਸਤਿਆਂ ਤੇ ਬੈਠ ਕੇ ਸੰਗਤਾਂ ਨੂੰ ਸਾਰੀ ਅਸਲੀਅਤ ਦਸ ਕੇ ਉਨ੍ਹਾਂ ਦੀ ਕਾਰ ਭੇਟ ਗੁਰੂ ਕੇ ਲੰਗਰ ਵਿਚ ਅਪੜਾਉੜ ਲੱਗੇ। ਉਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਇਸ ਸ਼ਬਦ ਦੁਆਰਾ ਭਾਈ ਗੁਰਦਾਸ ਜੀ ਸਮੇਤ ਸੰਗਤਾਂ ਨੂੰ ਉਪਦੇਸ਼ ਦਿਤਾ।

ਰਾਗੁ ਗੂਜਰੀ ਮਹਲਾ ੫ ॥ ਕਾਹੇ ਰੇ ਮਨ ਚਿਤਵਹਿ ਉਦਮੁ, ਜਾ ਆਹਰਿ ਹਰਿ ਜੀਉ ਪਰਿਆ ॥ ਸੈਲ ਪਥਰ ਮਹਿ ਜੰਤ ਉਪਾਏ, ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥ ਹੇ ਮਨ! (ਤੂੰ ਰੋਜੀ ਰੋਟੀ ਵਾਸਤੇ) ਕਿਉਂ ਉਦਮ ਚਿਤਵਦਾ ਹੈਂ, ਜਦ ਕਿ ਵਾਹਿਗੁਰੂ (ਸਭ ਨੂੰ ਰੋਜੀ ਰੋਟੀ ਦੇਣ ਦੇ) ਉਦਮ ਵਿਚ ਪਿਆ ਹੋਇਆ ਹੈ।(ਦੇਖ) ਪਹਾੜਾਂ ਅਤੇ ਪੱਥਰਾਂ ਵਿਚ (ਵਾਹਿਗੁਰੂ ਨੇ) ਜੀਵ ਜੰਤ ਪੈਦਾ ਕੀਤੇ ਹਨ, ਉਨ੍ਹਾਂ (ਸਭ) ਦਾ ਰਿਜਕ (ਵੀ ਪੈਦਾ ਹੋਣ ਤੋਂ) ਪਹਿਲਾਂ ਹੀ (ਬਣਾ ਕੇ) ਰੱਖਿਆ ਹੋਇਆ ਹੈ।੧।

ਪਾਖਣਿ ਕੀਟੁ ਗੁਪਤ ਹੋਇ ਰਹਤਾ, ਤਾ ਚੋ ਮਾਰਗੁ ਨਾਹੀ। ਕਹੈ ਧੰਨਾ ਪੂਰਨ ਤਾਹੂ ਕੋ, ਮਤ ਰੇ ਜੀਅ ਡਰਾਂਹੀ।(੪੮੮)।

ਮੇਰੇ ਮਾਧਉ ਜੀ, ਸਤ ਸੰਗਤਿ ਮਿਲੇ ਸੁ ਤਰਿਆ ॥ਗੁਰ ਪਰਸਾਦਿ ਪਰਮ ਪਦੁ ਪਾਇਆ, ਸੂਕੇ ਕਾਸਟ ਹਰਿਆ ॥੧॥ਰਹਾਉ॥ ਹੇ ਮੇਰੇ ਪ੍ਰਭੂ ਜੀ! (ਜਿਹੜਾ ਮਨੁੱਖ) ਸਤ ਸੰਗਤ ਵਿਚ ਮਿਲ ਬੈਠਦਾ ਹੈ, ਉਹ (ਸੰਸਾਰ ਸਾਗਰ ਤੋਂ) ਤਰ ਜਾਂਦਾ ਹੈ (ਜਾਂ ਇਸ ਤਰ੍ਹਾਂ ਦੇ ਡਰ ਅਤੇ ਫਿਕਰ ਤੋਂ ਬਚ ਜਾਂਦਾ ਹੈ)। ਗੁਰੂ ਦੀ ਕ੍ਰਿਪਾ ਨਾਲ (ਉਸ ਨੇ) ਪਰਮ ਪਦ ਪਾ ਲਿਆ ਹੈ, (ਮਾਨੋ) ਸੁੱਕੇ ਲੱਕੜ ਹਰੇ ਹੋ ਗਏ ਭਾਵ ਗੁਰੂ ਕਿਰਪਾ ਨਾਲ ਕਠੋਰ ਮਨ ਦ੍ਰਵੀ ਭੂਤ ਹੋ ਗਿਆ। ਜਾਂ (ਉਸ ਦਾ ਮਨ ਇਉਂ ਹਰਾ ਭਰਾ ਹੋ ਗਿਆ, ਜਿਵੇਂ) ਸੁੱਕਾ ਲੱਕੜ ਹਰਾ ਹੋ ਗਿਆ ਹੁੰਦਾ ਹੈ (ਮੇਰਾ ਵਿਚਾਰ)।੧। ਰਹਾਉ। ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੜੀਏ, ਹਰਿ ਹਰਿ ਨਾਮੁ ਧਿਆਏ ਰਾਮ।੫੩੯

ਜਨਨਿ ਪਿਤਾ ਲੋਕ ਸੁਤ ਬਨਿਤਾ, ਕੋਇ ਨ ਕਿਸ ਕੀ ਧਰਿਆ ॥ ਸਿਰਿ ਸਿਰਿ ਰਿਜਕ ਸੰਬਾਹੇ ਠਾਕੁਰੁ, ਕਾਹੇ ਮਨ ਭਉ ਕਰਿਆ ॥੨॥ ਮਾਤਾ, ਪਿਤਾ, (ਹੋਰ ਸਨਬੰਧੀ) ਲੋਕ, ਪੁਤ੍ਰ ਤੇ ਵਹੁਟੀ ਆਦਿ ਕੋਈ ਕਿਸੇ ਦਾ ਆਸਰਾ ਨਹੀਂ। ਪ੍ਰਭੂ ਹਰੇਕ ਜੀਵ ਨੂੰ ਰਿਜਕ ਪਹੁੰਚਾਉਂਦਾ ਹੈ, (ਇਸ ਲਈ) ਹੇ ਮਨ! ਕਿਸ ਲਈ ਭੈ ਕਰਦਾ ਹੈਂ।੨। ਪਾਲੇ ਬਾਲਕ ਵਾਗਿ ਦੇ ਕੈ ਆਪਿ ਕਰ।(੯੫੭); ਪਹਿਲੋ ਦੇ ਤੈ ਰਿਜਕੁ ਸਮਾਹਾ। ਪਿਛੋ ਦੇ ਤੈ ਜੰਤੁ ਉਪਾਹਾ।(੧੩੦); ਜਾਨ ਕੋ ਦੇਤ ਅਜਾਨ ਕੋ ਦੇਤ, ਜਮੀਨ ਕੋ ਦੇਤ ਜਮਾਨ ਕੋ ਦੇਹੈ। ਕਾਹੇ ਕੋ ਡੋਲਤ ਹੈ, ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੇਹੈ। (ਦਸਮ ਗ੍ਰੰਥ ਪੰਨਾ ੩੫)

ਉਡੇ ਉਡਿ ਆਵੈ ਸੈ ਕੋਸਾ, ਤਿਸੁ ਪਾਛੈ ਬਚਰੇ ਛਰਿਆ ॥ ਤਿਨ ਕਵਣੁ ਖਲਾਵੈ ਕਵਣੁ ਚੁਗਾਵੈ, ਮਨ ਮਹਿ ਸਿਮਰਨੁ ਕਰਿਆ ॥੩॥ (ਹੇ ਮਨ! ਕੂੰਜ) ਉਡ ਉਡ ਕੇ ਸੈਂਕੜੇ ਕੋਹਾਂ ਚਲੇ ਆਉਂਦੀ ਹੈ, ਉਸ ਨੇ (ਆਪਣੇ) ਬੱਚਿਆਂ ਨੂੰ ਪਿੱਛੇ (ਇਕੱਲੇ) ਛੱਡਿਆ ਹੁੰਦਾ ਹੈ। ਉਨ੍ਹਾਂ ਨੂੰ ਕੌਣ ਖੁਆਉਂਦਾ ਅਤੇ ਕੌਣ (ਚੋਗਾ) ਚੁਗਾਉਂਦਾ ਹੈ, (ਕੂੰਜ ਅਪਣੇ ਬੱਚਿਆਂ ਦੀ) ਯਾਦ ਮਨ ਵਿਚ ਕਰਦੀ ਹੈ (ਉਸ ਯਾਦ ਨਾਲ ਬੱਚਿਆਂ ਦੀ ਪਾਲਣਾ ਹੁੰਦੀ ਰਹਿੰਦੀ ਹੈ)।੩। ਜੈਸੀ ਗਗਨਿ ਫਿਰੰਤੀ ਊਡਤੀ, ਕਪਰੇ ਬਾਗੇ ਵਾਲੀ। ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ, ਨਿਤ ਹਿਰਦੈ ਸਾਰਿ ਸਮਾਲੀ। (੧੬੮)

ਸਭਿ ਨਿਧਾਨ ਦਸ ਅਸਟ ਸਿਧਾਨ, ਠਾਕੁਰ ਕਰ ਤਲ ਧਰਿਆ॥ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ, ਤੇਰਾ ਅੰਤੁ ਨ ਪਾਰਾਵਰਿਆ ॥੪॥੫॥ ਸਾਰੀਆਂ ਨਿਧੀਆਂ ਅਤੇ ਅਠਾਰਾਂ ਸਿਧੀਆਂ ਨਿਰੰਕਾਰ ਦੇ ਹੱਥ ਦੀ ਤਲੀ ਤੇ ਧਰੀਆਂ ਹੋਈਆਂ ਹਨ (ਤਾਂ ਕਿ ਜਦ ਵੀ ਕੋਈ ਮੰਗੇ ਦੇਣ ਲਗਿਆਂ ਦੇਰ ਨਾ ਲੱਗੇ)। ਦਾਸ ਨਾਨਕ ਆਖਦਾ ਹੈ ਕਿ (ਐਸੇ ਨਿਰੰਕਾਰ ਤੋਂ ਮਨ ਅਤੇ ਤਨ ਕਰਕੇ) ਬਲਿਹਾਰ, ਸਦਾ ਬਲਹਾਰ ਜਾਣਾ ਚਾਹੀਦਾ ਹੈ ਅਤੇ (ਬੇਨਤੀ ਕਰੀਏ ਕਿ ਹੇ ਨਿਰੰਕਾਰ!) ਤੇਰੇ ਪਾਰਾਵਾਰ ਦਾ ਕੋਈ ਅੰਤ ਨਹੀ ਭਾਵ ਤੂੰ ਬੇਅੰਤ ਹੈ।੪।੫।

ਪਦਾਰਥ = ਕਾਹੇ–ਕਿਉਂ; ਕਿਸ ਲਈ। ਚਿਤਵਹਿ–ਚਿਤਵਦਾ ਹੈਂ। ਜਾ–ਜਦੋਂ। ਆਹਰਿ–ਉਦਮ; ਇੰਤਜਾਮ। ਪਰਿਆ–ਪਿਆ ਹੈ। ਸੈਲ–ਪਹਾੜਾਂ ਵਿਚ। ਜੰਤ–ਜੀਵ। ਤਾ ਕਾ–ਉਨ੍ਹਾਂ ਦਾ। ਰਿਜਕ–ਖਾਧ ਖੁਰਾਕ। ਆਗੈ–ਪਹਿਲਾਂ ਹੀ।੧। ਮਾਧਉ ਜੀ–ਹੇ ਮਾਇਆ ਪਤੀ ਪ੍ਰਮੇਸ਼ਰ! ।ਪਰਮ ਪਦੁ–ਆਤਮਾ ਦੀ ਉਚੀ ਅਵਸਥਾ। ਕਾਸਟ–ਲੱਕੜੀ। ਹਰਿਆ–ਹਰੇ ਭਰੇ; ਪ੍ਰਫੁੱਲਿਤ।੧। ਰਹਾਉ। ਜਨਨਿ–ਮਾਤਾ। ਸੁਤ–ਪੁਤ੍ਰ। ਬਨਿਤਾ–ਇਸਤ੍ਰੀ। ਕਿਸ ਕੀ–ਕਿਸੇ ਦੀ। ਧਰਿਆ–ਆਸਰਾ। ਸਿਰਿ ਸਿਰਿ–ਹਰੇਕ ਜੀਵ ਨੂੰ। ਸੰਬਾਹੇ–ਪਹੁੰਚਾਉਂਦਾ ਹੈ। ਠਾਕੁਰੁ–ਪ੍ਰਮਾਤਮਾ।੨। ਊਡੇ ਊਡਿ–ਉਡ ਉਡ ਕੇ;ਲਗਾਤਾਰ (ਨਿਰੰਤਰ) ਉਡਾਰੀ ਮਾਰ ਕੇ (ਕੂੰਜ ਮਦੀਨ ਪੰਛੀ ਹੈ ਜੋ ਖੇਤਾਂ ਦਾ ਬਹੁਤ ਨੁਕਸਾਨ ਕਰਦੀ ਹੈ, ਸਰਦੀਆਂ ਵਿਚ ਗਰਮ ਦੇਸ਼ਾਂ ਨੂੰ ਆ ਜਾਂਦੀ ਹੈ ਅਤੇ ਗਰਮੀਆਂ ਵਿਚ ਠੰਢੇ ਦੇਸ਼ਾਂ ਨੂੰ ਚਲੀ ਜਾਂਦੀ ਹੈ)। ਸੈ–ਸੈਂਕੜੇ। ਕੋਸਾ–ਕੋਹਾਂ ਦੂਰ। ਪਾਛੈ–ਪਿਛੇ। ਬਚਰੇ–ਬੱਚੇ। ਛਰਿਆ–ਛੱਡੇ ਹਨ। ਕਵਣ–ਕੌਣ। ਖਲਾਵੈ–ਖੁਆਉਂਦਾ ਹੈ। ਚੁਗਾਵੈ–ਚੋਗਾ ਚੁਗਾਉਂਦਾ ਹੈ।੩। ਨਿਧਾਨ–ਖਜਾਨੇ; ਨਿਧੀਆਂ। ਦਸ ਅਸਟ–ਅਠਾਰਾਂ। ਸਿਧਾਨ–ਸਿਧੀਆਂ। ਕਰ ਤਲ–ਹੱਥ ਦੀ ਤਲੀ ਤੇ। ਧਰਿਆ–ਧਰੀਆਂ (ਰੱਖੀਆਂ) ਹਨ। ਸਦ–ਸਦਾ। ਬਲਿ ਜਾਈਐ–ਬਲਿਹਾਰ ਜਾਣਾ ਚਾਹੀਦਾ ਹੈ। ਪਾਰਾਵਰਿਆ–ਆਰ ਪਾਰ।੪।੫।

ਵਿਆਖਿਆ = ਕਈ ਵਾਰੀ ਸ਼ੰਕਾ ਉਠਦਾ ਹੈ ਕਿ ਗੁਰਬਾਣੀ ਵਿਚ ਨਾਲੇ ਤਾਂ ਉਦਮ ਕਰਨ ਦਾ ਉਪਦੇਸ਼ ਹੈ ਅਤੇ ਨਾਲੇ ਅਪਣੇ ਵੱਲੋਂ ਕੁਛ ਨਾ ਕਰਕੇ ਪੂਰਨ ਤੌਰ ਤੇ ਪ੍ਰਮਾਤਮਾ ਤੇ ਨਿਰਭਰ ਰਹਿਣ ਦਾ। ਵਾਹਿਗੁਰੂ ਸਾਰੇ ਜੀਵਾਂ ਨੂੰ ਰਿਜਕ ਪੁਚਾਉਂਦਾ ਹੈ, ਮਿਸਾਲਾਂ ਦਿਤੀਆਂ ਹਨ ਕਿ ਪੱਥਰਾਂ ਵਿਚ ਵੀ ਜੀਵਾਂ ਨੂੰ ਖਾਣਾ ਦਿੰਦਾ ਹੈ। ਕੂੰਜ ਅਪਣੇ ਬੱਚਿਆਂ ਨੂੰ ਪਿੱਛੇ ਛੱਡ ਆਉਂਦੀ ਹੈ, ਉਨ੍ਹਾਂ ਬੱਚਿਆਂ ਨੂੰ ਮਾਂ ਦੀ ਯਾਦ ਪਾਲਦੀ ਹੈ {ਕੂੰਜ ਰਿਦੈ ਸਿਮਰਣੁ ਕਰੈ, ਲੈ ਬਚਾ ਉਡਦੀ ਅਸਮਾਣੈ (ਭਾ.ਗੁ.ਵਾਰ ੧੧–੯); ਕੂੰਜ ਕਰੇਂਦੀ ਸਿਮਰਣੋ, ਪੂਰਨ ਬਚਾ ਹੋਇ ਉਡੰਦਾ (ਭਾ.ਗੁ. ਵਾਰ ੨੬–੨੮)}। ਤਿਵੇਂ ਪ੍ਰਮਾਤਮਾ ਸਭ ਨੂੰ ਪਾਲਦਾ ਹੈ, ਰਿਜ਼ਕ ਲਈ ਉਦਮ ਕਰਨੋਂ ਨਹੀਂ ਰੋਕਿਆ, ਉਦਮ ਦਾ ਫਿਕਰ ਨਾ ਕਰੋ, ਫਿਕਰ ਦੀ ਥਾਂ ਸਿਦਕ ਵਿਚ ਰਹਿਣ ਦਾ ਉਪਦੇਸ਼ ਹੈ। ਰਹਾਉ ਵਾਲੀ ਤੁਕ ਵਿਚ ਸੰਗਤ ਕਰਨ ਅਤੇ ਨਾਮ ਜਪਣ ਲਈ ਉਦਮ ਕਰਨ ਦਾ ਉਪਦੇਸ਼ ਦਿਤਾ ਹੈ। ਆਹਰਿ ਸਭ ਕਰਦਾ ਫਿਰੈ, ਆਹਰੁ ਇਕ ਨ ਹੋਇ। ਨਾਨਕ ਜਿਤੁ ਆਹਰਿ ਜਗੁ ਉਧਰੈ, ਵਿਰਲਾ ਬੂਝੈ ਕੋਇ। (੯੬੫)

ਰਾਗੁ ਆਸਾ ਮਹਲਾ ੪ ਸੋ ਪੁਰਖੁ

ੴ ਸਤਿਗੁਰ ਪ੍ਰਸਾਦਿ ॥

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ, ਹਰਿ ਅਗਮਾ ਅਗਮ ਅਪਾਰਾ ॥ ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ, ਹਰਿ ਸਚੇ ਸਿਰਜਣਹਾਰਾ ॥ ਸਭਿ ਜੀਅ ਤੁਮਾਰੇ ਜੀ, ਤੂੰ ਜੀਆ ਕਾ ਦਾਤਾਰਾ ॥ ਹਰਿ ਧਿਆਵਹੁ ਸੰਤਹੁ ਜੀ, ਸਭਿ ਦੂਖ ਵਿਸਾਰਣਹਾਰਾ ॥ ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ, ਕਿਆ ਨਾਨਕ ਜੰਤ ਵਿਚਾਰਾ ॥ (ਇਸ ਸ਼ਬਦ ਵਿਚ ਗੁਰੂ ਰਾਮਦਾਸ ਜੀ ਕਰਤਾਰ ਦਾ ਸਰੂਪ ਵਰਨਣ ਕਰ ਰਹੇ ਹਨ, ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਅੰਗ ੩੪੮ ਤੇ ਰਾਗ ਆਸਾ ਵਿਚ 'ਸੋਦਰੁ' ਵਾਲੇ ਸ਼ਬਦ ਤੋਂ ਬਾਦ ਵੀ ਦਰਜ ਹੈ। 'ਸੋ ਪੁਰਖ' ਇਸ ਸ਼ਬਦ ਦਾ ਸਿਰਲੇਖ ਹੈ, ਜਿਵੇਂ 'ਸੋ ਦਰੁ' ਵਾਲੇ ਸ਼ਬਦ ਦਾ ਸਿਰਲੇਖ 'ਸੋਦਰੁ' ਹੈ)।

ਉਹ ਅਕਾਲ ਪੁਰਖ (ਪਹਿਲਾਂ ਵੀ) ਮਾਇਆ ਤੋਂ ਰਹਿਤ ਸੀ, ਅਤੇ (ਸਦਾ ਹੀ ਉਹ) ਅਕਾਲ ਪੁਰਖ ਮਾਇਆ ਤੋਂ ਰਹਿਤ (ਰਹਿਣ ਵਾਲਾ) ਹੈ, ਹਰੀ ਸਮਝ ਤੋਂ ਪਰੇ ਹੈ, ਮਨੁੱਖੀ ਪਹੁੰਚ ਤੋਂ ਪਰੇ ਹੈ (ਜਾਂ ਮਨ ਬਾਣੀ ਤੋਂ ਪਰੇ ਹੈ) ਅਤੇ ਪਾਰ ਤੋਂ ਰਹਿਤ (ਬੇਅੰਤ) ਹੈ। ਹੇ ਸਦਾ ਕਾਇਮ ਰਹਿਣ ਵਾਲੇ, (ਸਭ ਨੂੰ) ਪੈਦਾ ਕਰਨ ਵਾਲੇ ਵਾਹਿਗੁਰੂ! ਸਾਰੇ ਤੈਨੂੰ (ਮਨ ਕਰਕੇ) ਧਿਆਉਂਦੇ ਹਨ, ਸਾਰੇ ਤੈਨੂੰ (ਬਾਣੀ ਕਰਕੇ) ਧਿਆਉਂਦੇ ਹਨ (ਜਾਂ ਸਭ ਤੈਨੂੰ ਭੂਤ, ਵਰਤਮਾਨ ਵਿਚ ਧਿਆਉਂਦੇ ਹਨ ਅਤੇ ਭਵਿਖ ਵਿਚ ਵੀ ਧਿਆਉਂਦੇ ਰਹਿਣਗੇ)। ਸਾਰੇ ਜੀਵ ਤੇਰੇ ਹੀ (ਪੈਦਾ ਕੀਤੇ ਹੋਏ) ਹਨ ਅਤੇ ਤੂੰ ਹੀ ਸਾਰੇ ਜੀਵਾਂ ਦਾ ਦਾਤਾ ਹੈਂ। (ਹੁਣ ਸੰਤਾਂ ਨੂੰ ਸੰਬੋਧਨ ਕਰਕੇ ਆਖਦੇ ਹਨ ਕਿ) ਹੇ ਸੰਤ ਜਨੋਂ! ਹਰੀ ਨੂੰ ਧਿਆਵੋ ਜੋ ਸਾਰੇ ਦੁਖਾਂ ਦਾ ਨਾਸ਼ ਕਰਨ ਵਾਲਾ ਹੈ। ਹਰੀ ਆਪੇ ਹੀ (ਸਾਰੇ ਜਗਤ ਦਾ) ਮਾਲਕ ਹੈ ਅਤੇ (ਸਭ ਵਿਚ ਵਸਦਾ ਹੋਣ ਕਰਕੇ) ਹਰੀ ਆਪੇ

ਹੀ ਸੇਵਕ ਰੂਪ ਹੈ, ਗੁਰੂ ਜੀ ਆਖਦੇ ਹਨ (ਕਿ ਹਰੀ ਦੀ ਚੇਤਨ ਸੱਤਾ ਤੋਂ ਬਿਨਾ) ਜੀਵ ਵਿਚਾਰੇ ਕੀ (ਕਰਨ ਜੋਗੇ) ਹਨ? ਕਿਆ ਨਾਨਕ ਜੰਤ ਵਿਚਾਰਾ (ਦਾ ਦੂਜਾ ਅਰਥ) = ਗੁਰੂ ਜੀ ਕਹਿੰਦੇ ਹਨ ਕਿ ਇਹ (ਤੁੱਛ ਜਿਹਾ) ਜੀਵ ਵਿਚਾਰਾ ਕੀ ਹੈ? (ਜੋ ਤੇਰਾ ਜਸ ਵਰਨਣ ਕਰ ਸਕੇ)।੧।

ਅੰਗ ੧੧ = ਤੂ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ, ਹਰਿ ਏਕੋ ਪੁਰਖੁ ਸਮਾਣਾ ॥ ਇਕਿ ਦਾਤੇ ਇਕਿ ਭੇਖਾਰੀ ਜੀ, ਸਭਿ ਤੇਰੇ ਚੋਜ ਵਿਡਾਣਾ ॥ ਤੂੰ ਆਪੇ ਦਾਤਾ ਆਪੇ ਭੁਗਤਾ ਜੀ, ਹਉ ਤੁਧੁ ਬਿਨੁ ਅਵਰੁ ਨ ਜਾਣਾ ॥ ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ, ਤੇਰੇ ਕਿਆ ਗੁਣ ਆਖਿ ਵਖਾਣਾ ॥ ਜੋ ਸੇਵਹਿ ਜੋ ਸੇਵਹਿ ਤੁਧੁ ਜੀ, ਜਨੁ ਨਾਨਕੁ ਤਿਨ ਕੁਰਬਾਣਾ ॥ ਹੇ ਹਰੀ! ਤੂੰ ਸਾਰੇ (ਜੀਵਾਂ ਦੇ) ਸਰੀਰਾਂ ਵਿਚ, ਸਭ ਦੇ ਅੰਦਰ, ਇਕ ਰਸ (ਬਿਨਾ ਭੇਦ ਭਾਵ ਤੋਂ ਵਸ ਰਿਹਾ) ਹੈਂ, ਤੂੰ ਇਕੋ ਪੁਰਖ ਸਭ ਵਿਚ ਸਮਾਇਆ ਹੋਇਆ ਹੈਂ।(ਸਾਰੇ ਜੀਵਾਂ ਵਿਚ ਸਮਾਇਆ ਹੋਇਆ ਹੋਣ ਦੇ ਬਾਵਜੂਦ ਵੀ ਜਗਤ ਵਿਚ) ਕਈ (ਲੋਕ) ਦਾਤੇ ਹਨ ਅਤੇ ਕਈ ਭਿਖਾਰੀ ਹਨ, (ਇਹ) ਸਭ ਤੇਰੇ ਅਸਚਰਜ ਕੌਤਕ ਹਨ।(ਸਭ ਵਿਚ ਵਸਦਾ ਹੋਣ ਕਰਕੇ ਹੇ ਵਾਹਿਗੁਰੂ) ਜੀ! ਤੂੰ ਆਪੇ ਦਾਤਾ ਹੈਂ ਅਤੇ ਆਪੇ ਹੀ ਭੋਗਣ (ਖਾਣ) ਵਾਲਾ ਹੈਂ, ਮੈਂ ਤੇਰੇ ਬਿਨਾ (ਹੋਰ ਕਿਸੇ ਦੂਜੇ ਨੂੰ) ਨਹੀਂ ਜਾਣਦਾ।ਤੂੰ (ਤਿੰਨਾਂ ਕਾਲਾਂ ਵਿਚ) ਬੇਅੰਤ ਪਾਰਬ੍ਰਹਮ ਹੈਂ ;(ਤੂੰ ਬੇਅੰਤ ਪਾਰਬ੍ਰਹਮ ਹੈ, ਤੇਰੇ ਗੁਣ ਵੀ ਬੇਅੰਤ ਹਨ ਜੀ, ਮੈਂ) ਤੇਰੇ ਕਿਹੜੇ ਕਿਹੜੇ ਗੁਣ ਆਖ ਕੇ ਵਰਨਣ ਕਰਾਂ? (ਮੇਰਾ ਵਿਚਾਰ) {ਕਿਆ ਕਹੀਐ ਗੁਣ ਕਥੀਹ ਘਨੇਰੇ।ਅੰਤੁ ਨ ਪਾਵਹਿ ਵਡੇ ਵਡੇਰੇ ੧੦੩੩} ਹੇ ਵਾਹਿਗੁਰੂ ਜੀ! ਜਿਹੜੇ (ਪ੍ਰਾਣੀ) ਤੈਨੂੰ ਮਨ ਕਰਕੇ ਸਿਮਰਦੇ ਹਨ ਅਤੇ ਬਾਣੀ ਕਰਕੇ ਸਿਮਰਦੇ ਹਨ, ਦਾਸ ਨਾਨਕ ਉਨ੍ਹਾਂ ਤੋਂ ਕੁਰਬਾਨ ਜਾਂਦਾ ਹੈ।੨।

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ, ਸੇ ਜਨ ਜੁਗ ਮਹਿ ਸੁਖਵਾਸੀ ॥ ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ, ਤਿਨ ਤੂਟੀ ਜਮ ਕੀ ਫਾਸੀ ॥ ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ, ਤਿਨ ਕਾ ਭਉ ਸਭੁ ਗਵਾਸੀ ॥ ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ, ਤੇ ਹਰਿ ਹਰਿ ਰੂਪਿ ਸਮਾਸੀ ॥ ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ, ਜਨੁ ਨਾਨਕੁ ਤਿਨ ਬਲਿ ਜਾਸੀ ॥ ੩॥ ਹੇ ਹਰੀ ਜੀ! ਜੋ ਤੈਨੂੰ (ਮਨ ਕਰਕੇ) ਧਿਆਉਂਦੇ ਹਨ (ਅਤੇ ਬਾਣੀ ਕਰਕੇ) ਧਿਆਉਂਦੇ ਹਨ, ਉਹ ਮਹਾਂ ਪੁਰਖ (ਇਸ) ਜੁਗ ਵਿਚ ਸੁਖਾਂ ਨਾਲ ਵਸਣ ਵਾਲੇ ਹਨ।ਜਿਨ੍ਹਾਂ ਨੇ ਹਰੀ ਨੂੰ ਧਿਆਇਆ ਹੈ, ਉਨ੍ਹਾਂ ਦੀ ਜਮਾਂ ਦੀ ਫਾਂਸੀ ਵੀ ਟੁੱਟ ਗਈ, ਉਹ ਮੁਕਤ ਹੋ ਗਏ ਹਨ, ਉਹ ਮੁਕਤੀ ਤੋਂ ਵੀ ਮੁਕਤ ਹੋ ਗਏ ਹਨ (ਉਹ ਹਰੀ ਵਿਚ ਮਿਲ ਗਏ, 'ਰਾਜੁ ਨਾ ਚਾਹਉ ਮੁਕਤਿ ਨ ਚਾਹਉ...' ਵਾਲੀ ਅਵਸਥਾ ਬਣ ਗਈ); ਉਹ ਤਿੰਨਾਂ ਲੋਕਾਂ ਵਿਚ ਮੁਕਤ ਹੋਏ ਹਨ।ਜਿਨ੍ਹਾਂ ਨੇ ਮਨ ਕਰਕੇ ਨਿਰਭਉ ਹਰੀ ਨੂੰ ਧਿਆਇਆ ਹੈ ਤੇ ਬਾਣੀ ਕਰਕੇ (ਜਾਂ ਜਿਨ੍ਹਾਂ ਨੇ ਸੰਸਾਰ ਵਲੋਂ ਨਿਰਭਉ ਹੋ ਕੇ ਨਿਰਭਉ ਹਰੀ ਨੂੰ) ਧਿਆਇਆ ਹੈ, ਉਨ੍ਹਾਂ ਦਾ ਸਾਰਾ ਡਰ (ਹਰੀ) ਦੂਰ ਕਰ ਦੇਂਦਾ ਹੈ।ਜਿਨ੍ਹਾਂ (ਮਨੁੱਖਾਂ) ਨੇ ਹਰੀ ਨੂੰ ਮਨ ਕਰਕੇ ਸਿਮਰਿਆ ਹੈ ਜੀ, ਬਾਣੀ ਕਰਕੇ ਵੀ ਸਿਮਰਿਆ ਹੈ, ਉਹ (ਮਨੁੱਖ) ਹਰੀ ਦੇ ਰੂਪ ਵਿਚ ਸਮਾ (ਲੀਨ ਹੋ) ਗਏ ਹਨ। ਜਿਨ੍ਹਾਂ (ਮਨੁੱਖਾਂ) ਨੇ ਹਰੀ ਨੂੰ ਧਿਆਇਆ ਹੈ ਜੀ, ਉਹ ਧੰਨ ਹਨ, ਉਹ ਧੰਨ ਹਨ (ਉਨ੍ਹਾਂ ਦਾ ਮਨ ਵੀ ਧੰਨ ਹੈ ਅਤੇ ਤਨ ਵੀ ਧੰਨ ਹੈ = ਮੇਰਾ ਵਿਚਾਰ), ਦਾਸ ਨਾਨਕ ਉਨ੍ਹਾਂ ਤੋਂ ਬਲਿਹਾਰ ਜਾਂਦਾ ਹੈ।੩।

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ, ਭਰੇ ਬਿਅੰਤ ਬੇਅੰਤਾ ॥ ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ, ਹਰਿ ਅਨਿਕ ਅਨੇਕ ਅਨੰਤਾ ॥ ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ, ਤਪੁ ਤਾਪਹਿ ਜਪਹਿ ਬੇਅੰਤਾ ॥ ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ, ਕਰਿ ਕਿਰਿਆ ਖਟੁ ਕਰਮ ਕਰੰਤਾ ॥ ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ, ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥ (ਹੇ ਪ੍ਰਭੂ) ਜੀ! ਤੇਰੀ ਭਗਤੀ ਦੇ ਬੇਅੰਤ ਭੰਡਾਰ ਪਹਿਲਾਂ ਵੀ ਭਰੇ ਪਏ ਸਨ ਅਤੇ (ਹੁਣ ਵੀ) ਤੇਰੀ ਭਗਤੀ ਦੇ ਬੇਅੰਤ ਭੰਡਾਰ ਭਰੇ ਪਏ ਹਨ।ਹੇ ਹਰੀ ਜੀ! ਤੇਰੇ ਅਨੇਕਾਂ ਭਗਤ ਹੋ ਚੁਕੇ ਹਨ, ਹੁਣ ਵੀ ਤੇਰੇ ਅਨੇਕਾਂ ਭਗਤ ਤੈਨੂੰ ਸਲਾਹੁੰਦੇ ਹਨ (ਅਤੇ ਭਵਿਖ ਵਿਚ ਵੀ) ਅਨੰਤ ਭਗਤ ਤੈਨੂੰ ਸਲਾਹੁੰਦੇ ਰਹਿਣਗੇ।ਹੇ ਹਰੀ! (ਤੈਨੂੰ ਮਿਲਣ ਵਾਸਤੇ) ਅਨੇਕਾਂ ਹੀ (ਪੁਜਾਰੀ) ਤੇਰੀ ਅਨੇਕ ਪ੍ਰਕਾਰ ਦੀ ਪੂਜਾ ਕਰਦੇ ਹਨ (ਜਾਂ ਅਨੇਕ ਲੋਕ ਮਨ ਬਾਣੀ ਕਰਕੇ ਤੇਰੀ ਪੂਜਾ ਕਰਦੇ ਹਨ), ਬੇਅੰਤ (ਤਪ ਕਰਨ ਵਾਲੇ) ਤਪ ਤਾਪਦੇ ਹਨ ਅਤੇ (ਜਪ ਕਰਨ ਵਾਲੇ ਬੇਅੰਤ ਲੋਕ ਤੈਨੂੰ) ਜਪਦੇ ਹਨ {ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ, ਅਤਿ ਕਿਰਿਆ ਕਰਮ ਕਮਾਇ ਜੀਉ ੪੪੫}।ਤੇਰੇ ਅਨੇਕਾਂ (ਪੰਡਤ), ਤੇਰੇ ਅਨੇਕਾਂ ਹੀ (ਵਿਦਿਆਰਥੀ ਜੋ ਪੰਡਤਾਂ ਤੋਂ ਸਿਖਦੇ ਹਨ) ਬਹੁਤ ਸਿਮ੍ਰਤੀਆਂ ਤੇ ਸ਼ਾਸਤਰਾਂ ਨੂੰ ਪੜ੍ਹਦੇ ਹਨ ਅਤੇ (ਇਨ੍ਹਾਂ ਵਿਚ ਦੱਸੀ ਹੋਈ ਕਰਮ ਕਾਂਡ ਦੀ) ਕਿਰਿਆ ਅਤੇ ਛੇ ਪ੍ਰਕਾਰ ਦੇ ਹੋਰ ਕਰਮ ਵੀ ਕਰਦੇ ਹਨ।ਦਾਸ ਨਾਨਕ ਆਖਦਾ ਹੈ ਕਿ ਉਹ ਹੀ ਭਗਤ (ਤਿੰਨਾਂ ਕਾਲਾਂ ਵਿਚ) ਭਲੇ ਹਨ ਜਿਹੜੇ ਮੇਰੇ ਹਰੀ ਭਗਵੰਤ ਨੂੰ ਚੰਗੇ ਲਗਦੇ ਹਨ ਭਾਵ ਪ੍ਰਵਾਨ ਹੋਏ ਹਨ।੪।

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ, ਤੁਧੁ ਜੇਵਡੁ ਅਵਰੁ ਨ ਕੋਈ ॥ ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ, ਤੂੰ ਨਿਹਚਲੁ ਕਰਤਾ ਸੋਈ ॥ ਤੁਧੁ ਆਪੇ ਭਾਵੈ ਸੋਈ ਵਰਤੈ ਜੀ, ਤੂੰ ਆਪੇ ਕਰਹਿ ਸੁ ਹੋਈ ॥ ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ, ਤੁਧੁ ਆਪੇ ਸਿਰਜਿ ਸਭ ਗੋਈ ॥ ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ, ਜੋ ਸਭਸੈ ਕਾ ਜਾਣੋਈ ॥੫॥੧॥ ਹੇ ਨਿਰੰਕਾਰ! ਤੂੰ (ਸਾਰੇ ਜਗਤ ਦਾ) ਆਦਿ ਹੈ, ਸਰਬ ਵਿਆਪਕ ਹੈਂ, ਪਰੇ ਤੋਂ ਪਰੇ ਹੈਂ, (ਸਭ ਦੀ) ਰਚਨਾ ਕਰਨ ਵਾਲਾ ਹੈਂ ਅਤੇ ਤੇਰੇ ਜਿੱਡਾ ਵੱਡਾ ਹੋਰ ਕੋਈ ਨਹੀਂ {ਤੂੰ ਆਦਿ ਪੁਰਖੁ ਅਪਰੰਪਰੁ

ਕਰਤਾ, ਤੇਰਾ ਪਾਰੁ ਨ ਪਾਇਆ ਜਾਇ ਜੀਉ ੪੪੮}। ਤੂੰ ਜੁਗੋ ਜੁਗ (ਹਰੇਕ ਜੁਗ ਤੋਂ) ਇਕੋ ਹੀ (ਪਾਤਸ਼ਾਹ) ਹੈਂ, ਤੂੰ ਸਦਾ ਸਦਾ ਇਕੋ ਹੀ ਰਿਹਾ ਹੈਂ ਜੀ, ਤੂੰ ਉਹ ਹੀ (ਸਭ ਦਾ) ਰਚਨਹਾਰ (ਹੋ ਕੇ ਵੀ) ਅਚੱਲ (ਸਦਾ ਥਿਰ ਰਹਿਣ ਵਾਲਾ ਭਾਵ ਅਬਦਲ) ਹੈਂ। ਹੇ ਵਾਹਿਗੁਰੂ! ਜੋ ਤੈਨੂੰ ਚੰਗਾ ਲਗਦਾ ਹੈ, ਉਹ ਹੀ (ਜਗਤ ਵਿਚ) ਵਰਤਦਾ ਹੈ ਜੀ, ਜੋ ਕੁਝ ਤੂੰ ਆਪੇ ਕਰਦਾ ਹੈਂ ਓਹੀ ਹੁੰਦਾ ਹੈ। ਤੂੰ ਆਪੇ ਸਾਰੀ ਸ੍ਰਿਸਟੀ ਪੈਦਾ ਕੀਤੀ ਹੈ ਜੀ, ਤੂੰ ਆਪੇ (ਸ੍ਰਿਸਟੀ ਨੂੰ) ਪੈਦਾ ਕਰਕੇ (ਫਿਰ ਆਪੇ) ਨਾਸ਼ ਕਰਦਾ ਹੈਂ ਭਾਵ ਉਤਪਤੀ ਅਤੇ ਨਾਸ਼ ਕਰਨ ਵਾਲਾ ਕੇਵਲ ਤੂੰ ਆਪ ਹੀ ਹੈਂ, ਹੋਰ ਕੋਈ ਨਹੀਂ {ਕਈ ਬਾਰ ਪਸਰਿਓ ਪਾਸਾਰ। ਸਦਾ ਸਦਾ ਇਕੁ ਏਕੰਕਾਰ ੨੭੬}। ਦਾਸ ਨਾਨਕ ਰਚਨਹਾਰ ਦੇ ਗੁਣ ਗਾਉਂਦਾ ਹੈ ਜੀ, ਜੋ ਸਾਰੇ ਜੀਵਾਂ ਦੇ (ਦਿਲਾਂ ਦੀ) ਜਾਨਣ ਵਾਲਾ ਹੈ।੫।੧।

ਪਦਾਰਥ= ਸੋ-ਉਹ। ਪੁਰਖੁ-ਵਿਆਪਕ ਪ੍ਰਮਾਤਮਾ। ਨਿਰੰਜਨੁ-(ਨਿਰ-ਬਗੈਰ+ਅੰਜਨ-ਸੁਰਮਾ, ਸੁਰਮਾ ਕਾਲਾ ਹੋਣ ਕਰਕੇ ਹਨ੍ਹੇਰਾ ਅਤੇ ਮਾਇਆ ਦਾ ਅਰਥ ਵੀ ਦੇਂਦਾ ਹੈ) ਮਾਇਆ ਤੋਂ ਰਹਿਤ। ਅਗਮ ਅਗਮਾ-ਅਪਹੁੰਚ (ਮਨ ਬਾਣੀ ਤੋਂ ਪਰੇ ਭਾਵ ਜੋ ਮਨ ਅਤੇ ਬਾਣੀ ਕਰਕੇ ਨਾ ਜਾਣਿਆ ਜਾ ਸਕੇ); ਸਮਝ ਤੋਂ ਪਰੇ; ਵਿਸ਼ਨੂੰ ਆਦਿ ਦੇਵਤਿਆਂ ਦੀ ਵੀ ਪਹੁੰਚ ਤੋਂ ਪਰੇ। ਅਪਾਰਾ-ਪਾਰ ਤੋਂ ਰਹਿਤ; ਅੰਤ ਤੋਂ ਰਹਿਤ ਭਾਵ ਅਨੰਤ (ਬੇਅੰਤ)। ਧਿਆਵਹਿ-ਧਿਆਉਂਦੇ ਹਨ। ਸਚੇ-ਸਦਾ ਕਾਇਮ ਰਹਿਣ ਵਾਲਾ ਪ੍ਰਭੂ। ਸਿਰਜਣਹਾਰਾ-ਸਭ ਨੂੰ ਪੈਦਾ ਕਰਨ ਵਾਲਾ। ਜੀ-ਸਨਮਾਨ ਬੋਧਕ ਹੈ। ਜੀਅ-ਜੀਵ। ਵਿਸਾਰਣਹਾਰਾ-ਨਾਸ਼ ਕਰਨ ਵਾਲਾ।੧। ਘਟ ਘਟ-ਸਰੀਰ ਅਤੇ ਹਿਰਦਾ। ਅੰਤਰਿ-ਅੰਦਰ। ਸਰਬ-ਸਾਰੇ। ਨਿਰੰਤਰਿ-ਇਕ ਰਸ; ਲਗਾਤਾਰ; ਭੇਦ ਭਾਵ ਤੋਂ ਬਿਨਾ। ਸਮਾਣਾ-ਸਮਾਇਆ ਹੋਇਆ। ਇਕਿ-ਕਈ; ਬਹੁਤ। ਚੋਜ-ਕੌਤਕ। ਵਿਡਾਣਾ-ਅਸਚਰਜ। ਭੁਗਤਾ-ਭੋਗਣ (ਖਾਣ) ਵਾਲਾ। ਹਉ-ਮੈਂ। ਅਵਰੁ-ਹੋਰ ਦੂਜੇ ਨੂੰ। ਪਾਰਬ੍ਰਹਮ-ਬ੍ਰਹਮ ਜੋ ਜਗਤ ਅਤੇ ਮਾਇਆ ਆਦਿ ਸਭ ਤੋਂ ਪਰੇ ਹੈ; ਨਿਰਗੁਣ ਵਾਹਿਗੁਰੂ। ਵਖਾਣਾ-ਬਿਆਨ ਕਰਾਂ। ਸੇਵਹਿ-ਸਿਮਰਦੇ ਹਨ। ਜਨੁ ਨਾਨਕੁ-ਦਾਸ ਨਾਨਕ। ਤਿਨ-ਉਨ੍ਹਾਂ ਤੋਂ। ਕੁਰਬਾਣਾ-ਸਦਕੇ ਜਾਂਦਾ ਹਾਂ।੨। ਸੇਜਨ-ਉਹਪੁਰਖ। ਸੁਖਵਾਸੀ-ਸੁਖਾਂ ਨਾਲ ਵਸਣ ਵਾਲੇ। ਮੁਕਤੁ-ਜੀਵਾਤਮਾ ਨੂੰ ਸਰੀਰ ਤੋਂ ਛੁਟਕਾਰਾ, ਜੋ ਪਿੱਛੋਂ ਕੋਈ ਹੋਰ ਸਰੀਰ ਨਾ ਧਾਰੇ; ਮਾਇਆ ਦੇ ਬੰਧਨਾਂ ਤੋਂ ਛੁਟਕਾਰਾ; ਆਤਮਾ ਦਾ ਪ੍ਰਮਾਤਮਾ ਨਾਲ ਮੇਲ। ਫਾਸੀ-ਫਾਹੀ। ਨਿਰਭਉ-ਡਰ ਰਹਿਤ ਹਰੀ। ਗਵਾਸੀ-ਦੂਰ ਕਰ ਦੇਂਦਾ ਹੈ। ਸੇਵਿਆ-ਸਿਮਰਿਆ। ਹਰਿ ਰੂਪਿ-ਹਰੀ ਦੇ ਰੂਪ ਵਿਚ। ਸਮਾਸੀ-ਸਮਾ ਗਏ। ਬਲਿ ਜਾਸੀ-ਬਲਹਾਰ ਜਾਂਦਾ ਹੈ।੩। ਭਗਤਿ-ਭਗਤੀ। ਭੰਡਾਰ-ਖਜਾਨੇ। ਅਨਿਕ-ਅਨੇਕਾਂ। ਭਗਤ-ਭਗਤੀ ਕਰਨ ਵਾਲੇ ਭਗਤ (ਬਹੁ ਵਚਨ ਹੈ)। ਤਪੁ ਤਾਪਹਿ-ਤਪੱਸਿਆ ਕਰਦੇ ਹਨ (ਸਰੀਰ ਜਾਂ ਮਨ ਨੂੰ ਸਾਧਣ ਲਈ ਕੋਈ ਕਸ਼ਟ ਸਹਿਣਾ)। ਸਿਮ੍ਰਿਤਿ-ਹਿੰਦੂ ਧਰਮ ਦੇ ਇਨ੍ਹਾਂ ਗ੍ਰੰਥਾਂ ਵਿਚ ਵੇਦਾਂ ਦਾ ਸਾਰ ਹੈ। ਸਾਸਤ-ਛੇ ਸ਼ਾਸਤ੍ਰ ਜੋ ਹਿੰਦੂ ਫਲਸਫੇ ਦੇ ਗ੍ਰੰਥ ਹਨ (ਸਾਂਖ, ਯੋਗ, ਨਿਆਇ, ਵੈਸ਼ੇਸ਼ਿਕ, ਮੀਮਾਂਸਾ ਤੇ ਵੇਦਾਂਤ)। ਬਹੁ-ਬਹੁਤ। ਖਟੁ-ਛੇ। ਕਰੰਤਾ-ਕਰਦੇ ਹਨ। ਭਾਵਹਿ-ਚੰਗੇ ਲਗਦੇ ਹਨ। ਹਰਿ ਭਗਵੰਤਾ-ਸਰਬ ਕਲਾ ਸਮਰੱਥ ਵਾਹਿਗੁਰੂ।੪। ਆਦਿ-ਸਭ ਦਾ ਮੁੱਢ। ਪੁਰਖੁ-ਵਿਆਪਕ ਵਾਹਿਗੁਰੂ। ਅਪਰੰਪਰ-ਪਰੇ ਤੋਂ ਪਰੇ; ਬੇਅੰਤ। ਕਰਤਾ-ਸਭ ਨੂੰ ਪੈਦਾ ਕਰਨ ਵਾਲਾ। ਜੇਵਡੁ-ਜਿੱਡਾ ਵੱਡਾ। ਅਵਰੁ-ਹੋਰ ਦੂਜਾ। ਜੁਗੁ ਜੁਗੁ-ਹਰੇਕ ਜੁਗ ਤੋਂ; ਜੁੱਗਾਂ ਜੁੱਗਾਂ ਤੋਂ। ਨਿਹਚਲੁ-ਅਹਿੱਲ; ਅਡੋਲ; ਅਚੱਲ (ਸਦਾ ਕਾਇਮ ਰਹਿਣ ਵਾਲਾ)। ਸੋਈ-ਉਹ। ਸਿਰਜਿ-ਪੈਦਾ ਕਰਕੇ। ਗੋਈ-ਨਾਸ਼ ਕਰ ਦਿਤੀ। ਸਭਸੈ ਕਾ-ਸਭ ਕਿਸੇ ਦਾ। ਜਾਣੋਈ-ਜਾਨਣ ਵਾਲਾ।੫।੧।

ਆਸਾ ਮਹਲਾ ੪ ॥ਤੂੰ ਕਰਤਾ ਸਚਿਆਰੁ ,ਮੈਡਾ ਸਾਂਈ ॥ ਜੋ ਤਉ ਭਾਵੈ ਸੋਈ ਥੀਸੀ, ਜੋ ਤੂ ਦੇਹਿ ਸੋਈ ਹਉ ਪਾਈ ॥੧॥ਰਹਾਉ॥ ਹੇ ਨਿਰੰਕਾਰ! ਤੂੰ (ਸ੍ਰਿਸਟੀ ਦਾ) ਰਚਨਹਾਰ ਹੈ, ਸੱਚਾ ਹੈਂ;ਸਦਾ ਕਾਇਮ ਰਹਿਣ ਵਾਲਾ ਕਰਤਾ ਹੈਂ ਅਤੇ ਮੇਰਾ ਮਾਲਕ ਹੈ; (ਤੂੰ) ਮੇਰਾ ਸੱਚਾ ਮਾਲਕ ਹੈਂ। ਜੋ ਤੈਨੂੰ ਭਾਉਂਦਾ ਹੈ, (ਜਗਤ ਵਿਚ) ਉਹ ਹੀ ਹੁੰਦਾ ਹੈ, ਜੋ (ਕੁਝ) ਤੂੰ ਦੇਂਦਾ ਹੈਂ, ਉਹ ਹੀ ਮੈਂ ਪਾਉਂਦਾ ਹਾਂ।੧। ਰਹਾਉ।

ਸਭ ਤੇਰੀ, ਤੂੰ ਸਭਨੀ ਧਿਆਇਆ ॥ ਜਿਸਨੋ ਕ੍ਰਿਪਾ ਕਰਹਿ, ਤਿਨਿ ਨਾਮ ਰਤਨੁ ਪਾਇਆ ॥ ਗੁਰਮੁਖਿ ਲਾਧਾ, ਮਨਮੁਖਿ ਗਵਾਇਆ ॥ ਤੁਧੁ ਆਪਿ ਵਿਛੋੜਿਆ, ਆਪਿ ਮਿਲਾਇਆ ॥੧॥ ਹੇ ਵਾਹਿਗੁਰੂ! ਸਾਰੀ (ਸ੍ਰਿਸਟੀ) ਤੇਰੀ ਹੈ (ਤੂੰ ਸਾਰੀ ਸ੍ਰਿਸਟੀ ਦਾ ਮਾਲਕ ਹੈਂ), ਸਭਨਾਂ (ਜੀਵਾਂ) ਨੇ ਤੈਨੂੰ ਹੀ ਧਿਆਇਆ ਹੈ। ਪਰ ਜਿਸ (ਜੀਵ) ਉਤੇ ਤੂੰ ਕ੍ਰਿਪਾ ਕਰਦਾ ਹੈਂ, ਉਸੇ ਨੇ ਨਾਮ ਰਤਨ ਪ੍ਰਾਪਤ ਕੀਤਾ ਹੈ। (ਇਹ ਨਾਮ ਰਤਨ) ਗੁਰਮੁਖਾਂ ਨੇ ਲੱਭ ਲਿਆ ਹੈ ਅਤੇ ਮਨਮੁਖਾਂ ਨੇ ਗੁਆ ਲਿਆ ਹੈ। (ਪਰ ਹੇ ਵਾਹਿਗੁਰੂ! ਜੀਵ ਵਿਚਾਰੇ ਦੇ ਕੀ ਵੱਸ ਹੈ?) ਤੂੰ ਆਪ ਹੀ (ਮਾੜੇ ਕਰਮਾਂ ਦੇ ਕਾਰਣ ਮਨਮੁਖਾਂ ਨੂੰ ਅਪਣੇ ਤੋਂ) ਵਿਛੋੜਿਆ ਹੈ ਅਤੇ ਆਪ ਹੀ (ਗੁਰਮੁਖਾਂ ਨੂੰ ਅਪਣੇ ਨਾਲ) ਮਿਲਾ ਲਿਆ ਹੈ।੧।

ਤੂੰ ਦਰੀਆਉ ,ਸਭ ਤੁਝ ਹੀ ਮਾਹਿ ॥ ਤੁਝ ਬਿਨੁ ,ਦੂਜਾ ਕੋਈ ਨਾਹਿ ॥ ਜੀਅ ਜੰਤ, ਸਭਿ ਤੇਰਾ ਖੇਲੁ ॥ ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥ ਹੇ ਪ੍ਰਭੂ! ਤੂੰ (ਵਿਸ਼ਾਲ) ਸਮੁੰਦਰ ਹੈਂ, ਸਾਰੇ (ਜੀਵ ਜੰਤ) ਤੇਰੇ ਵਿਚ ਹੀ (ਮਾਨੋਂ ਲਹਿਰਾਂ ਰੂਪ) ਹਨ {ਤੂੰ ਦਰੀਆਉ ਦਾਨਾ ਬੀਨਾ, ਮੈ ਮਛੁਲੀ ਕੈਸੇ ਅੰਤੁ ਲਹਾਂ ੨੫}। (ਇਸ ਸਮੁੰਦਰ ਵਿਚ) ਤੇਰੇ ਬਿਨਾ ਦੂਜਾ ਹੋਰ ਕੋਈ ਨਹੀਂ (ਕਿਉਂਕਿ ਜਲ ਅਤੇ ਲਹਿਰਾਂ ਇਕ ਰੂਪ ਹੀ ਹਨ){ਜਲ ਤੇ ਤਰੰਗ ਤਰੰਗ ਤੇ ਹੈ ਜਲੁ ,ਕਹਨ ਸੁਨਨ ਕਉ ਦੂਜਾ ੧੨੫੨}। ਜੀਵ ਜੰਤ ਸਾਰੇ ਤੇਰਾ (ਹੀ ਰਚਿਆ ਹੋਇਆ) ਖੇਲ ਹੈ। (ਇਨ੍ਹਾਂ ਵਿਚੋਂ ਕੋਈ ਜੀਵ) ਵਿਛੋੜੇ ਦੇ ਕਰਮਾਂ ਨਾਲ ਮਿਲ ਕੇ (ਤੈਥੋਂ) ਵਿਛੜ ਜਾਂਦਾ ਹੈ ਤੇ (ਕਿਸੇ ਦਾ) ਸੰਜੋਗ ਦੇ ਕਰਮਾਂ ਕਰਕੇ ਤੇਰੇ ਨਾਲ ਮੇਲ ਹੋ ਜਾਂਦਾ ਹੈ। ਸੰਜੋਗੁ ਵਿਜੋਗੁ ਉਪਾਇਓਨੁ ,ਸ੍ਰਿਸਟੀ ਕਾ ਮੂਲੁ ਰਚਾਇਆ ੫੦੯; ਕਿਤੜੇ ਸਹਿਜ ਸੰਜੋਗ ਵਿਚਿ, ਕਿਤੜੇ ਵਿਛੁੜਿ ਹੋਇ

ਵਿਜੋਗੀ। (ਭਾ.ਗੁ. ੮-੧੭)
ਦੂਜਾ ਅਰਥ = ਵਿਜੋਗੀ ਕਰਮਾਂ ਕਰਕੇ ਮਿਲਿਆ ਹੋਇਆ ਪਦਾਰਥ ਵਿਛੜ ਜਾਂਦਾ ਹੈ ਅਤੇ ਸੰਜੋਗੀ ਕਰਮਾਂ ਕਰਕੇ ਵਿਛੜੇ ਹੋਏ ਪਦਾਰਥ ਮਿਲ ਜਾਂਦੇ ਹਨ; (ਜਿਹੜਾ ਮਨੁੱਖ) ਗੁਰੂ ਦੀ ਸੰਗਤ ਦਾ ਵਿਜੋਗੀ ਹੈ (ਸੰਗਤ ਵਿਚ ਨਹੀਂ ਆਉਂਦਾ) ਉਹ ਵਾਹਿਗੁਰੂ ਨਾਲ ਮਿਲਣ ਤੋਂ ਵਿਛੜ ਗਿਆ ਅਤੇ ਜਿਹੜਾ ਗੁਰੂ ਦਾ ਸੰਜੋਗੀ ਹੋਇਆ ਹੈ (ਗੁਰੂ ਦੀ ਸੰਗਤ ਵਿਚ ਰਹਿ ਕੇ ਸੇਵਾ ਤੇ ਸਿਮਰਨ ਕਰਦਾ ਹੈ) ਉਹ ਵਿਛੜਿਆ ਹੋਇਆ ਵੀ ਵਾਹਿਗੁਰੂ ਨਾਲ ਮਿਲ ਜਾਂਦਾ ਹੈ (ਸੰ.ਸ.; ਟਕਸਾਲ)।੨।
ਜਿਸਨੋ ਤੂੰ ਜਾਣਾਇਹਿ, ਸੋਈ ਜਨੁ ਜਾਣੈ ॥ ਹਰਿ ਗੁਣ ਸਦ ਹੀ ਆਖਿ ਵਖਾਣੈ ॥ ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ ਸਹਜੇ ਹੀ ਹਰਿ ਨਾਮਿ ਸਮਾਇਆ ॥੩॥ ਹੇ ਪ੍ਰਭੂ ! ਜਿਸ (ਮਨੁੱਖ) ਨੂੰ ਤੂੰ (ਅਪਣੇ ਨਾਲ ਮਿਲਣ ਦਾ ਰਸਤਾ) ਜਣਾਉਂਦਾ ਹੈਂ, ਉਹ ਮਨੁੱਖ ਹੀ (ਤੈਨੂੰ ਮਿਲਣ ਦਾ ਰਸਤਾ) ਜਾਣ ਸਕਦਾ ਹੈ (ਜਿਸਨੂੰ ਤੂੰ ਅਪਣੇ ਵਾਰੇ ਸੋਝੀ ਬਖਸ਼ਦਾ ਹੈਂ ਉਹ ਮਨੁੱਖ ਹੀ ਹੇ ਹਰੀ ! ਤੈਨੂੰ ਜਾਣ ਸਕਦਾ ਹੈ)।(ਫਿਰ ਉਹ ਮਨੁੱਖ) ਹਰੀ ਦੇ ਗੁਣ ਸਦਾ (ਆਪ ਵੀ) ਆਖਦਾ ਹੈ ਅਤੇ (ਹੋਰਾਂ ਲਈ ਵੀ) ਵਖਿਆਨ ਕਰਦਾ ਹੈ। ਜਿਸ ਮਨੁੱਖ ਨੇ ਹਰੀ (ਦਾ ਨਾਮ) ਸਿਮਰਿਆ ਹੈ, ਉਸਨੇ ਸੁਖ ਪਾਇਆ ਹੈ। ਉਹ ਸੁਤੇ ਸਿੱਧ ਹੀ ਹਰੀ ਦੇ ਨਾਮ ਵਿਚ ਸਮਾਇਆ ਰਹਿੰਦਾ ਹੈ।੩।
ਅੰਗ ੧੨ = ਤੂੰ ਆਪੇ ਕਰਤਾ, ਤੇਰਾ ਕੀਆ ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥ ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥ ਹੇ ਵਾਹਿਗੁਰੂ ! ਤੂੰ ਆਪੇ ਹੀ (ਸਾਰੀ ਸ੍ਰਿਸਟੀ ਨੂੰ) ਪੈਦਾ ਕਰਨ ਵਾਲਾ ਹੈਂ ਅਤੇ ਸਭ ਕੁਝ ਤੇਰਾ ਕੀਤਾ ਹੋਇਆ ਹੀ ਹੁੰਦਾ ਹੈ। ਤੈਥੋਂ ਬਿਨਾ ਹੋਰ ਕੋਈ ਦੂਜਾ (ਰਚਨਹਾਰ) ਨਹੀਂ ਹੈ {ਤੂ ਕਰਤਾ ਤੇਰਾ ਸਭੁ ਕੀਆ। ਤੁਝੁ ਬਿਨੁ ਅਵਰੁ ਨ ਕੋਈ ਬੀਆ ੧੦੭੯}। ਤੂੰ (ਸਾਰੀ ਸ੍ਰਿਸਟੀ ਨੂੰ ਪੈਦਾ) ਕਰ ਕਰ ਕੇ ਦੇਖਦਾ (ਸੰਭਾਲ ਕਰਦਾ) ਹੈਂ ਅਤੇ ਸਭ (ਜੀਵਾਂ ਦੇ ਸੁਭਾਵ ਅਤੇ ਇਛਾਵਾਂ) ਨੂੰ ਜਾਣਦਾ ਹੈਂ। ਗੁਰੂ ਜੀ ਆਖਦੇ ਹਨ ਕਿ ਗੁਰੂ ਰਾਹੀਂ ਤੂੰ ਦਾਸਾਂ ਨੂੰ ਪ੍ਰਗਟ ਹੁੰਦਾ ਹੈਂ।੪।੨।
ਪਦਾਰਥ = ਸਚਿਆਰੁ-ਸੱਚਾ। ਮੈਡਾ-ਮੇਰਾ। ਸਾਈ-ਮਾਲਕ। ਤਉ-ਤੈਨੂੰ। ਸੋਈ-ਉਹ ਹੀ। ਥੀਸੀ-ਹੁੰਦਾ ਹੈ; ਹੋਵੇਗਾ। ਹਉ-ਮੈਂ। ਪਾਈ-ਪਾਉਂਦਾ ਹਾਂ।੧। ਰਹਾਉ। ਸਭਨੀ-ਸਭ ਨੇ। ਜਿਸ ਨੋ-ਜਿਸ ਮਨੁੱਖ ਉਤੇ। ਤਿਨਿ-ਉਸ ਨੇ। ਲਾਧਾ-ਲਭਿਆ ਹੈ। ਤੁਧੁ-ਤੂੰ।੧। ਦਰੀਆਉ-ਸਮੁੰਦਰ। ਤੁਝ ਹੀ ਮਾਹਿ-ਤੇਰੇ ਵਿਚ ਹੀ। ਮਿਲਿ-ਮਿਲ ਕੇ।੨। ਜਾਣਾਇਹਿ-ਜਣਾਉਂਦਾ ਹੈਂ; ਸੂਝ ਬਖਸ਼ਦਾ ਹੈਂ। ਵਖਾਣੈ-ਵਖਿਆਨ ਕਰਦਾ ਹੈ। ਸੇਵਿਆ-ਸਿਮਰਿਆ ਹੈ। ਸਹਜੇ-ਸੁਤੇ ਸਿਧ। ਨਾਮਿ-ਨਾਮ ਵਿਚ। ਸਮਾਇਆ-ਸਮਾ (ਲੀਨ ਹੋ) ਗਿਆ।੩। ਕਰਤਾ-ਪੈਦਾ ਕਰਨ ਵਾਲਾ। ਅਵਰੁ-ਹੋਰ। ਗੁਰਮੁਖਿ-ਗੁਰੂ ਰਾਹੀਂ। ਵੇਖਹਿ-ਦੇਖਦਾ (ਸੰਭਾਲਦਾ) ਹੈ।੪।੨।
ਸੰਜੋਗ ਵਿਜੋਗ = 'ਮੇਲ ਤੇ ਵਿਛੋੜੇ' ਦੇ ਦੋ ਅਸੂਲ ਮਨੁੱਖ ਦੇ ਆਚਰਣ ਵਿਚ ਕੰਮ ਰਹੇ ਹਨ। ਕਦੀ ਮਨੁੱਖ ਦੀ ਰੁਚੀ ਹੁਕਮੀ ਬੰਦਾ ਬਣ ਕੇ ਰੱਬ ਨਾਲ ਮਿਲੇ ਰਹਿਣ ਦੀ ਹੁੰਦੀ ਹੈ, ਕਦੀ ਭੋਗਾਂ ਦਾ ਖਿਚਿਆ ਹੋਇਆ ਰਜ਼ਾ ਤੋਂ ਟੁੱਟ ਕੇ ਰੱਬ ਤੋਂ ਦੂਰ ਹੋ ਜਾਂਦਾ ਹੈ {ਸੰਜੋਗੀ ਮੇਲਾਵੜਾ, ਇਨਿ ਤਨਿ ਕੀਤੇ ਭੋਗ। ਵਿਜੋਗੀ ਮਿਲਿ ਵਿਛੁੜੇ, ਨਾਨਕ ਭੀ ਸੰਜੋਗ ੯੯੯} ਭਾਵ ਸੰਜੋਗਾਂ ਕਰਕੇ ਮਨੁੱਖਾ ਜਨਮ ਵਿਚ ਹਰੀ ਨਾਲ ਮੇਲ ਹੋਇਆ, ਪਰ ਸਰੀਰ ਵਿਚ ਆ ਕੇ ਭੋਗਾਂ ਵਿਚ ਲਗ ਗਏ ਅਤੇ ਇਉਂ ਵਿਯੋਗ ਵਿਚ ਆ ਕੇ ਮਿਲੇ ਹੋਏ ਭੀ ਵਿਛੜ ਗਏ। ਪਰ ਹੇ ਨਾਨਕ ! ਸੰਜੋਗ ਮੁੜ ਫਿਰ ਵੀ ਹੋ ਸਕਦਾ ਹੈ। 'ਸ਼ਬਦਾਰਥ' (ਪੰਨਾ ੪੬੪ ਅਤੇ ੯੮੯)। ਜੀਅ ਜੰਤ ਸਭਿ ਤੇਰਾ ਖੇਲੁ। ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ = ਹੇ ਵਾਹਿਗੁਰੂ ਜੀ ! ਜੀਅ ਜੰਤ (ਜਗਤ ਰਚਨਾ) ਸਭ ਤੇਰਾ ਤਮਾਸ਼ਾ ਹੈ। ਵਿਜੋਗ ਨਾਲ ਮਿਲ ਕੇ (ਵਿਛੜੇ ਹੋਏ ਮਨੁੱਖਾਂ ਦੀ ਸੰਗਤ ਕਰ ਕੇ) ਜੀਵ (ਤੈਥੋਂ) ਵਿਛੜਿਆ ਹੋਇਆ ਹੈ ਅਤੇ ਸੰਜੋਗਾਂ ਨਾਲ (ਗੁਰਮੁਖਾਂ ਦੀ) ਸੰਗਤ ਕਰਕੇ ਤੇਰਾ ਮੇਲ ਹੁੰਦਾ ਹੈ। {ਵਿਜੋਗੀਦੁਖਿ ਵਿਛੁੜੇ, ਮਨਮੁਖਿ ਲਹਹਿ ਨ ਮੇਲੁ ੨੧}। ਇਨ੍ਹਾਂ ਪੰਗਤੀਆਂ ਵਿਚ ਜਗਤ ਖੇਡ ਦਾ ਵਰਨਣ ਹੈ। ਸੰਜੋਗ ਤੇ ਵਿਜੋਗ ਦੋਵੇਂ ਇਸ ਖੇਡ ਦੇ ਪਾਤਰ ਹਨ ਤੇ ਹੁਕਮੀ ਦੀ ਕਾਰ ਕਮਾ ਰਹੇ ਹਨ। ਖੇਡ ਇਹ ਹੈ ਕਿ 'ਆਪਹੁ ਕੋਈ ਮਿਲੈ ਨ ਭੁਲੈ ੩੯੧' ਇਸ ਖੇਡ ਨੂੰ ਹਰੇਕ ਜੀਵ ਨਹੀਂ ਸਮਝ ਸਕਦਾ। ਕੇਵਲ ਉਹੀ ਸਮਝਦਾ ਹੈ ਜਿਸ ਨੂੰ ਉਹ ਆਪ ਸਮਝਾਉਂਦਾ ਹੈ (ਨਿਰਣੈ)।
ਆਸਾ ਮਹਲਾ ੧ ॥ ਤਿਤੁ ਸਰਵਰੜੈ ਭਈਲੇ ਨਿਵਾਸਾ, ਪਾਣੀ ਪਾਵਕੁ ਤਿਨਹਿ ਕੀਆ ॥ ਪੰਕਜੁ ਮੋਹ ਪਗੁ ਨਹੀ ਚਾਲੈ, ਹਮ ਦੇਖਾ ਤਹ ਡੂਬੀਅਲੇ ॥੧॥ ਮਨੁੱਖ ਦਾ ਉਸ ਤਲਾ ਵਿਚ ਵਾਸਾ ਹੋਇਆ ਹੈ (ਜਿਸ ਵਿਚ) ਉਸ (ਵਾਹਿਗੁਰੂ) ਨੇ ਪਾਣੀ ਦੀ ਥਾਂ ਅੱਗ ਪਾਈ ਹੈ ।(ਉਸ ਵਿਚ) ਚਿੱਕੜ ਮੋਹ ਦਾ ਹੈ, (ਜਿਸ ਕਰਕੇ) ਪੈਰ ਨਹੀਂ ਚਲਦਾ, ਅਸਾਂ (ਮਨੁੱਖ ਨੂੰ) ਉਥੇ ਡੁਬਦਾ ਦੇਖਿਆ ਹੈ (ਸ਼ਬਦਾਰਥ)।
ਦੂਜਾ ਅਰਥ = (ਹੇ ਭਾਈ !) ਉਸ ਸੰਸਾਰ ਰੂਪ ਸਰੋਵਰ ਵਿਚ (ਤੇਰਾ) ਨਿਵਾਸ ਹੋਇਆ ਹੈ, (ਜਿਸ ਵਿਚ) ਉਸ ਹਰੀ ਨੇ ਪਾਣੀ ਤੇ (ਇਸ ਦੇ ਨਾਲ) ਅੱਗ ਨੂੰ ਵੀ ਬਣਾਇਆ ਹੈ (ਸੰਸਾਰ ਸਰੋਵਰ ਵਿਚ ਮਾਯਾ ਦੇ) ਮੋਹ ਦਾ ਜੋ ਚਿੱਕੜ ਹੈ, (ਇਸ ਵਿਚ ਜੀਵ ਦਾ ਮਨ ਰੂਪ) ਪੈਰ (ਖੁਭਿਆ ਹੋਇਆ ਹੈ, ਉਹ ਰੱਬ ਵੱਲ) ਨਹੀ ਚੱਲ ਰਿਹਾ, (ਲੋਕਾਂ ਨੂੰ) ਅਸੀਂ ਉਥੇ (ਸਰੋਵਰ ਵਿਚ) ਡੁਬਦੇ ਦੇਖਿਆ ਹੈ। ੧। ਪੰਕਜ ਮੋਹ, ਸਰਿ ਹਾਂ। ਪਗੁ ਨਹੀ ਚਲੈ, ਹਰਿ ਹਾਂ। (੪੦੯)
ਮਨ ਏਕੁ ਨ ਚੇਤਸਿ ਮੂੜ ਮਨਾ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ਰਹਾਉ॥ ਹੇ ਮਨਾ ! ਤੂੰ ਇਕ (ਵਾਹਿਗੁਰੂ) ਨੂੰ ਯਾਦ ਨਹੀਂ ਕਰਦਾ (ਇਸ ਕਰਕੇ) ਹੇ ਮਨ ! ਤੂੰ ਮੂਰਖ ਹੈਂ {ਮੂਰਖਾ ਸਿਰਿ ਮੂਰਖੁ ਹੈ, ਜਿ ਮੰਨੇ ਨਾਹੀ ਨਾਉ ੧੦੧੫}। ਹਰੀ ਨੂੰ ਭੁੱਲ ਜਾਣ ਕਰਕੇ ਤੇਰੇ (ਸਾਰੇ)

ਗੁਣ ਗਲ (ਨਾਸ਼ ਹੋ) ਜਾਣਗੇ।੧।ਰਹਾਉ।
ਚਿਤ ਚੇਤਸਿ ਕੀ ਨਹੀ ਬਾਵਰਿਆ।ਹਰਿ ਬਿਸਰਤ ਤੇਰੇ ਗੁਣ ਗਲਿਆ।(੯੯੦)
ਨਾ ਹਉ ਜਤੀ ਸਤੀ ਨਹੀ ਪੜਿਆ, ਮੂਰਖ ਮੁਗਧਾ ਜਨਮੁ ਭਇਆ ॥ ਪ੍ਰਣਵਤਿ ਨਾਨਕ ਤਿਨਕੀ ਸਰਣਾ, ਜਿਨ ਤੂੰ ਨਾਹੀ ਵੀਸਰਿਆ ॥੨॥੩॥ (ਮੋਹ ਦੇ ਚਿੱਕੜ ਅਤੇ ਤ੍ਰਿਸਨਾ ਦੀ ਅੱਗ ਤੋਂ ਬਚਣ ਲਈ ਅਰਦਾਸ ਕਰੋ ਕਿ) ਹੇ ਨਿਰੰਕਾਰ! ਨਾ ਮੈਂ ਜਤੀ ਹਾਂ, ਨਾ ਹੀ ਸਤੀ ਹਾਂ ਅਤੇ ਨਾ ਹੀ ਮੈਂ ਪੜ੍ਹਿਆ ਹੋਇਆ ਹਾਂ, (ਮੇਰਾ) ਜਨਮ ਤਾਂ ਮੂਰਖਾਂ, ਬੇ ਸਮਝਾਂ ਵਾਲਾ ਬਣਿਆ ਹੋਇਆ ਹੈ; ਮੈਂ ਮੂਰਖ ਹਾਂ, (ਮੇਰਾ) ਜਨਮ ਨਿਸਫਲ ਹੀ ਗਿਆ।ਗੁਰੂ ਜੀ ਆਖਦੇ ਹਨ ਕਿ ਮੈਂ ਉਨ੍ਹਾਂ (ਗੁਰਮੁਖਾਂ) ਦੀ ਸ਼ਰਣ ਹਾਂ, ਜਿਨ੍ਹਾਂ ਨੂੰ ਤੂੰ ਕਦੇ ਭੁੱਲਿਆ ਨਹੀਂ।੨।੩।
ਪਦਾਰਥ = ਤਿਤੁ–ਉਸ।ਸਰਵਰੜੈ–ਸਰੋਵਰ; ਵੱਡਾ ਤਲਾਉ; ਝੀਲ; ਸਮੁੰਦਰ ਭਾਵ ਸੰਸਾਰ ਸਮੁੰਦਰ ਵਿਚ।ਭਈਲੇ–ਹੋਇਆ ਹੈ। ਨਿਵਾਸਾ–ਨਿਵਾਸ; ਰਹਾਇਸ਼।ਪਾਣੀ–ਪਦਾਰਥ ਰੂਪ ਪਾਣੀ।ਪਾਵਕੁ–ਅੱਗ (ਤ੍ਰਿਸ਼ਨਾ ਜਾਂ ਮਾਇਆ ਦੀ)।ਤਿਨਹਿ–ਉਸ ਹਰੀ ਨੇ। ਕੀਆ–ਬਣਾਇਆ; ਕੀਤਾ।ਪੰਕ ਜੁ–ਜੋ ਚਿੱਕੜ ਹੈ; ਮੋਹ ਜੋ ਫਸਾ ਲੈਣ ਵਾਲਾ ਚਿੱਕੜ ਹੈ (ਭਾ. ਵੀਰ ਸਿੰਘ, ਪ੍ਰੋ. ਸਾਹਿਬ ਸਿੰਘ ਤੇ ਟਕਸਾਲ ਨੇ ਪਦ ਛੇਦ ਕਰ ਕੇ ਇਹੀ ਅਰਥ ਕੀਤਾ ਹੈ, ਪਰ ਸ਼ਬਦਾਰਥ, ਸੰ.ਸ. ਤੇ ਫ.ਸ. ਨੇ ਪਾਠ ਜੁੜਤ ਲਿਖਿਆ ਹੈ)।ਪਗੁ–ਪੈਰ ।ਨਹੀ ਚਾਲੈ–ਨਹੀਂ ਚਲਦਾ (ਰੱਬ ਜਾਂ ਆਤਮਕ ਉਨਤੀ ਵੱਲ)।ਤਹ–ਉਥੇ।ਦੇਖਾ ਡੂਬੀਅਲੇ–ਡੁਬਦੇ ਦੇਖਿਆ ਹੈ।੧।ਏਕੁ–ਇਕ ਵਾਹਿਗੁਰੂ ਨੂੰ।ਨ ਚੇਤਸਿ–ਨਹੀ ਸਿਮਰਦਾ।ਮੂੜ–ਮੂਰਖ।ਬਿਸਰਤ–ਵਿਸਰਦਿਆਂ (ਭੁੱਲਣ ਕਰਕੇ)।ਗਲਿਆ–ਕਿਸੇ ਚੀਜ ਦੇ ਭਿੱਜੇ ਪਏ ਰਹਿਣ ਕਰਕੇ ਸੜ ਜਾਣ ਨੂੰ ਗਲਨਾ ਆਖਦੇ ਹਨ।('ਗੁਣਾ' ਘਾਹ ਦਾ ਨਾਂ ਵੀ ਹੈ, ਜਿਸਦੀ ਛਿੱਲ ਤੋਂ ਕਮਾਣ ਦੀ ਰੱਸੀ ਬਣਦੀ ਸੀ, ਜਿਸ ਤੋਂ ਕਈ ਗਿਆਨੀ ਗੁਣ ਦਾ ਅਰਥ ਰੱਸੀ ਵੀ ਕਰਦੇ ਹਨ 'ਹਰੀ ਦੇ ਵਿਸਰਨ ਨਾਲ ਤੇਰੇ ਗਲ ਵਿਚ (ਜਮਾਂ ਦੀ) ਰੱਸੀ (ਫਾਹੀ) ਪਵੇਗੀ।੧।ਰਹਾਉ।ਹਉ–ਮੈਂ।ਜਤੀ–ਕਾਮ ਵਾਸ਼ਨਾ ਨੂੰ ਰੋਕਣ ਵਾਲਾ।ਸਤੀ–ਸੱਤਵਾਦੀ।ਪੜਿਆ–ਵਿਦਿਆ ਪੜ੍ਹਿਆ ਹੋਇਆ।ਮੁਗਧਾ–ਬੇ ਸਮਝ; ਨਿਸਫਲ।ਭਇਆ–ਹੋਇਆ ਹੈ।ਪ੍ਰਣਵਤਿ–ਬੇਨਤੀ ਕਰਦਾ ਹੈ।ਤਿਨ ਕੀ–ਉਨ੍ਹਾਂ ਦੀ।ਜਿਨ–ਜਿਨ੍ਹਾਂ ਨੂੰ।੨।੩।
ਵਿਆਖਿਆ = ਇਸ ਸ਼ਬਦ ਵਿਚ ਮਨ ਨੂੰ ਸੰਬੋਧਨ ਕਰਕੇ ਨਾਮ ਜਪਣ ਵੱਲ ਉਤਸ਼ਾਹਤ ਕੀਤਾ ਹੈ ਅਤੇ ਵਾਹਿਗੁਰੂ ਨੂੰ ਨਾ ਭੁੱਲਣ ਦਾ ਉਪਦੇਸ਼ ਹੈ।ਪਹਿਲੀਆਂ ਤੁਕਾਂ ਦੇ ਕੁਝ ਹੋਰ ਅਰਥ = ਹਰੀ ਨੇ ਸੰਸਾਰ ਸਮੁੰਦਰ ਨੂੰ ਪਾਣੀ ਅਤੇ ਅੱਗ ਆਦਿ ਤੱਤਾਂ ਰਾਹੀਂ ਬਣਾਇਆ ਹੈ ਜਾਂ ਉਸ ਹਰੀ ਨੇ ਜਗਤ ਵਿਚ ਪਾਣੀ ਵਰਗੇ ਸੀਤਲ ਠੰਡੇ ਸੁਭਾਵ ਵਾਲੇ ਜੀਵ ਅਤੇ ਅੱਗ ਵਰਗੇ ਹਿੰਸਕ ਤਥਾ ਕ੍ਰੋਧੀ ਜੀਵ ਪੈਦਾ ਕੀਤੇ ਹਨ {ਬਿਰਖੈ ਹੇਠਿ ਸਭਿ ਜੰਤ ਇਕਠੇ।ਇਕਿ ਤਤੇ ਇਕਿ ਬੋਲਨਿ ਮਿਠੇ ੧੦੧੯} ਜਾਂ ਹਰੀ ਨੇ ਠੰਡਕ ਦੇਣ ਵਾਲਾ ਨਾਮ {ਕਲਿ ਤਾਤੀ ਠਾਂਢਾ ਹਰਿ ਨਾਉ ੨੮੮} ਅਤੇ ਮਾਇਆ ਦੀ ਅੱਗ ਪੈਦਾ ਕਰ ਦਿਤੀ {ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ੯੨੧}।ਰਹਾਉ ਵਾਲੀਆਂ ਤੁਕਾਂ ਵਿਚ ਸ਼ਬਦ ਦਾ ਮੂਲ ਭਾਵ ਇਹੀ ਹੈ ਕਿ ਵਾਹਿਗੁਰੂ ਦਾ ਸਿਮਰਨ ਕਰਨਾ ਨਾ ਭੁੱਲੋ।ਅਖੀਰ ਵਿਚ ਦਸਦੇ ਹਨ ਕਿ ਜਤ ਸਤ ਅਤੇ ਵਿਦਿਆ ਇਸ ਤ੍ਰਿਸਨਾ ਦੀ ਅੱਗ ਅਤੇ ਮੋਹ ਦੇ ਚਿੱਕੜ ਵਿਚ ਡਿਗਣੋਂ ਬਚਾ ਨਹੀ ਸਕਦੇ।ਜੇ ਮਨੁੱਖ ਪ੍ਰਭੂ ਨੂੰ ਭੁਲਾ ਦੇਵੇ ਤਾਂ ਜਤ ਸਤ ਵਿਦਿਆ ਦੇ ਹੁੰਦਿਆਂ ਵੀ ਮਨੁੱਖ ਦੀ ਜ਼ਿੰਦਗੀ ਮਹਾਂ ਮੂਰਖਾਂ ਵਾਲੀ ਹੁੰਦੀ ਹੈ।
ਆਸਾ ਮਹਲਾ ੫ ॥ ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥ (ਹੇ ਭਾਈ! ਤੈਨੂੰ ਸਭ ਜੋਨੀਆਂ ਵਿਚੋਂ ਉਤਮ) ਮਨੁੱਖਾ ਦੇਹੀ ਪ੍ਰਾਪਤ ਹੋਈ ਹੈ।ਗੋਬਿੰਦ ਨੂੰ ਮਿਲਣ ਦੀ ਇਹ ਹੀ ਤੇਰੀ ਵਾਰੀ ਹੈ {ਫਿਰਤ ਫਿਰਤ ਬਹੁਤੇ ਜੁਗ ਹਾਰਿਓ, ਮਾਨਸ ਦੇਹ ਲਹੀ।ਨਾਨਕ ਕਹਤ ਮਿਲਨ ਕੀ ਬਰੀਆ, ਸਿਮਰਤ ਕਹਾ ਨਹੀ ੬੩੧}।ਹੋਰ ਧੰਧੇ (ਜਿਨ੍ਹਾਂ ਵਿਚ ਤੂੰ ਮਗਨ ਹੈਂ) ਤੇਰੇ ਕਿਸੇ ਕੰਮ ਨਹੀਂ ਆਉਣੇ।ਸਾਧੂਆਂ ਦੀ ਸੰਗਤ ਵਿਚ ਜਾ ਕੇ ਮਿਲ ਬੈਠ ਅਤੇ (ਉਥੇ ਬੈਠ ਕੇ) ਕੇਵਲ ਹਰੀ ਦਾ ਨਾਮ ਸਿਮਰਣ ਕਰ (ਇਹੀ ਦਰਗਾਹ ਵਿਚ ਤੇਰਾ ਸਾਥ ਦੇਵੇਗਾ)।੧।
ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ਰਹਾਉ॥ (ਹੇ ਭਾਈ) ਸੰਸਾਰ ਸਮੁੰਦਰ ਤੋਂ ਤਰਨ ਦੇ ਪ੍ਰਬੰਧ ਵਿਚ ਲਗ ਜਾਹ।(ਨਹੀਂ ਤਾਂ) ਮਾਇਆ ਦੇ ਪਰੇਮ ਵਿਚ (ਲੱਗਾ ਹੋਇਆ ਤੇਰਾ ਮਨੁੱਖਾ) ਜਨਮ ਬਿਰਥਾ ਜਾ ਰਿਹਾ ਹੈ।੧।ਰਹਾਉ।
ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥ ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥ (ਮਨੁੱਖ ਨੂੰ ਸੁਮੱਤ ਦੇਂਦੇ ਹਨ ਕਿ ਵਾਹਿਗੁਰੂ ਅੱਗੇ ਅਰਦਾਸ ਕਰ, ਹੇ ਵਾਹਿਗੁਰੂ!) ਮੈਂ ਜਪ ਤਪ ਸੰਜਮ ਆਦਿ ਦਾ ਕੋਈ ਧਰਮ ਕਰਮ ਨਹੀਂ ਕਮਾਇਆ।ਨਾ ਸਾਧੂਆਂ ਦੀ ਸੇਵਾ ਕੀਤੀ ਅਤੇ ਨਾ ਹੀ ਹਰੀ ਰਾਇ (ਹਰੀ ਰਾਜਾ ਭਾਵ ਅਕਾਲ ਪੁਰਖ) ਨੂੰ ਜਾਣਿਆ ਹੈ।ਗੁਰੂ ਜੀ ਆਖਦੇ ਹਨ ਕਿ (ਵਾਹਿਗੁਰੂ ਅੱਗੇ ਇਸ ਤਰ੍ਹਾਂ ਬੇਨਤੀ ਕਰੋ, ਹੇ ਵਾਹਿਗੁਰੂ!) ਅਸੀਂ ਨੀਚ ਕਰਮਾਂ ਵਾਲੇ ਹਾਂ।(ਤੇਰੀ ਸ਼ਰਣ ਵਿਚ ਆਏ ਹਾਂ) ਸਰਣ ਵਿਚ ਆ ਪਏ ਦੀ (ਸਾਡੀ) ਲਾਜ ਰੱਖੋ ਜੀ।੨।੪।
ਜਾਪ ਨ ਤਾਪ ਨ ਕਰਮ ਕੀਤਿ।ਆਵੈ ਨਹੀ ਕਛੂ ਰੀਤਿ।ਮਨ ਮਹਿ ਰਾਖਉ ਆਸ ਏਕ।ਨਾਮ ਤੇਰੇ ਕੀ ਤਰਉ ਟੇਕ।(੧੧੮੨)
ਪਦਾਰਥ = ਭਈ–ਹੋਈ ਹੈ।ਦੇਹੁਰੀਆ–ਦੇਹ; ਸਰੀਰ।ਬਰੀਆ–ਵਾਰੀ; ਮੌਕਾ; ਵੇਲਾ।ਅਵਰਿ–ਹੋਰ; ਦੂਜੇ।ਕਾਜ–ਕਾਰਜ; ਧੰਧੇ।

ਕਿਤੈ–ਕਿਸੇ। ਕਾਮ–ਕੰਮ। ਭਜੁ–ਭਜਨ ਕਰ।੧। ਸਰੰਜਾਮਿ–ਪ੍ਰਬੰਧ ਜਾਂ ਉਦਮ ਵਿਚ। ਭਵਜਲ–ਸੰਸਾਰ ਸਮੁੰਦਰ। ਕੈ–ਦੇ। ਜਾਤ–ਜਾ ਰਿਹਾ ਹੈ। ਰੰਗਿ ਮਾਇਆ ਕੈ–ਮਾਇਆ ਦੇ ਪ੍ਰੇਮ ਵਿਚ।੧। ਰਹਾਉ। ਜਪੁ–ਪ੍ਰਮਾਤਮਾ ਦੇ ਨਾਮ ਦਾ ਜਾਪ। ਤਪੁ–ਤਪੱਸਿਆ; ਗੁਰੂ ਦੀ ਸੇਵਾ {ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ੪੨੩}। ਸੰਜਮੁ–ਇੰਦ੍ਰੀਆਂ ਨੂੰ ਵਿਕਾਰਾਂ ਵੱਲ ਜਾਣੋਂ ਰੋਕਣ ਦੀ ਕਿਰਿਆ; ਬੁਰੇ ਕਰਮਾਂ ਤੋਂ ਅਪਣੇ ਆਪ ਨੂੰ ਬਚਾਉਣਾ; ਧਰਮ ਦੀ ਮਰਿਆਦਾ ਵਿਚ ਜੀਵਨ ਬਸਰ ਕਰਨਾ। 'ਨ' ਦੇਹੁਰੀ ਦੀਪਕ ਹੈ। ਹਰਿ ਰਾਇਆ–ਹਰੀ ਰਾਜਾ (ਅਕਾਲ ਪੁਰਖ)। ਬਹੁਤਿਆਂ ਨੇ 'ਹਰਿ ਰਾਇਆ' ਦੇ ਅਰਥ ਸੰਬੋਧਨ ਰੂਪ ਵਿਚ ਕੀਤੇ ਹਨ = ਹੇ ਹਰੀ ਰਾਜਾ! ਮੈਂ ਨਾ ਤਾਂ ਸਾਧੂਆਂ ਦੀ ਸੇਵਾ ਕੀਤੀ ਹੈ, ਨਾ ਮੈਂ ਤੈਨੂੰ ਜਾਣ ਸਕਿਆ ਹਾਂ ; (ਹੇ ਹਰੀ ਰਾਇ! ਨਾ ਮੈਂ ਸਾਧ ਪੁਰਖਾਂ ਦੀ ਸੇਵਾ ਕਰਨ ਜਾਣ ਸਕਿਆ ਹਾਂ (ਮੇਰਾ ਵਿਚਾਰ) ਅਤੇ ਨਾ ਹੀ ਜਪ ਤਪ ਸੰਜਮ ਆਦਿ ਦੇ ਧਰਮ ਨੂੰ ਕਮਾਇਆ ਹੈ। ਹਮ–ਅਸੀਂ। ਨੀਚ ਕਰੰਮਾ–ਨੀਚ ਕਰਮਾਂ ਵਾਲੇ; ਮੰਦ ਕਰਮੀ। ਸਰਣਿ ਪਰੇ–ਸ਼ਰਣ ਵਿਚ ਆ ਪਏ ਦੀ। ਸਰਮਾ–ਸ਼ਰਮ; ਲਾਜ।੨।੪।

ਨੋਟ ਫ਼– ਉਪਰੋਕਤ ਸਾਰੇ ਸ਼ਬਦ ਸਬੰਧਤ ਰਾਗਾਂ ਵਿਚ ਵੀ ਲਿਖੇ ਹੋਏ ਹਨ, ਪਰ ਪਾਠਾਂ ਵਿਚ ਥੋੜਾ ਫਰਕ ਜਰੂਰ ਹੈ।

ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧

੧ੴ ਸਤਿਗੁਰ ਪ੍ਰਸਾਦਿ ॥

ਗੁਰੂ ਗ੍ਰੰਥ ਸਾਹਿਬ ਦੇ ਅੰਗ ੧੫੭ ਤੇ ਇਸ ਸ਼ਬਦ ਨੂੰ 'ਗਉੜੀ ਪੂਰਬੀ ਦੀਪਕੀ ਮਹਲਾ ੧' ਕਰਕੇ ਲਿਖਿਆ ਹੋਇਆ ਹੈ। 'ਸੋਹਿਲਾ' ਪਦ ਦੇ ਅਰਥ ਹਨ = ਅਨੰਦ ਮਈ ਗੀਤ, ਜਸ, ਵਡਿਆਈ ਆਦਿ। ਸੋਦਰ ਅਤੇ ਸੋ ਪੁਰਖ ਵਾਂਙ ਹੀ 'ਸੋਹਿਲਾ' ਇਸ ਬਾਣੀ ਦਾ ਸਿਰਲੇਖ ਹੈ, ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਚ ਇਸ ਬਾਣੀ ਦਾ ਨਾਉਂ 'ਸੋਹਿਲਾ' ਹੀ ਲਿਖਿਆ ਹੋਇਆ ਹੈ, ਪਰ ਆਮ ਬੋਲ ਚਾਲ ਵਿਚ ਕੀਰਤਨ ਸੋਹਿਲਾ ਜਾਂ ਆਰਤੀ ਸੋਹਿਲਾ ਬੀ ਕਹਿ ਦੇਂਦੇ ਹਨ। ਗੁਰੂ ਨਾਨਕ ਦੇਵ ਜੀ ਦੇ ਵੇਲੇ ਇਸ ਬਾਣੀ ਦੇ ਤਿੰਨ ਸ਼ਬਦ ਹੀ ਪੜ੍ਹੇ ਜਾਂਦੇ ਸਨ, ਗੁਰੂ ਅਰਜਨ ਦੇਵ ਜੀ ਦੇ ਸਮੇਂ ਇਸ ਬਾਣੀ ਵਿਚ ਦੋ ਹੋਰ ਸ਼ਬਦ ਮਿਲਾ ਲਏ ਗਏ। ਇਸ ਤਰ੍ਹਾਂ ਸੋਹਿਲਾ ਬਾਣੀ ਵਿਚ ਪੰਜ ਸ਼ਬਦ ਹੋ ਗਏ, ਤਿੰਨ ਸ਼ਬਦ ਗੁਰੂ ਨਾਨਕ ਦੇਵ ਜੀ ਦੇ, ਇਕ ਗੁਰੂ ਰਾਮਦਾਸ ਜੀ ਦਾ ਅਤੇ ਇਕ ਗੁਰੂ ਅਰਜਨ ਦੇਵ ਜੀ ਦਾ ਹੈ। ਟਕਸਾਲ ਅਤੇ ਸੰਪ੍ਰਦਾਵਾਂ ਵਾਲੇ ਇਸ ਬਾਣੀ ਦਾ ਪਾਠ ਕਰਨ ਤੋਂ ਪਹਿਲਾਂ ਰੱਖਿਆ ਦੇ ਹੇਠ ਲਿਖੇ ਸ਼ਬਦ ਵੀ ਪੜ੍ਹਦੇ ਹਨ =

੧. ਸੋਰਠਿ ਮਹਲਾ ੫ ॥ ਗੁਰ ਕਾ ਸਬਦੁ ਰਖਵਾਰੇ....(ਅੰਗ ੬੨੬) ੨. ਬਿਲਾਵਲੁ ਮਹਲਾ ੫ ॥ਤਾਤੀ ਵਾਉ ਨ ਲਗਈ...(ਅੰਗ ੮੧੯) ੩. ਸਲੋਕ ॥ ਜਹ ਸਾਧੂ ਗੋਬਿੰਦ ਭਜਨੁ..(ਅੰਗ ੨੫੬) ੪. ਸਲੋਕ ਮਃ ੫॥ ਮਨ ਮਹਿ ਚਿਤਵਉ ਚਿਤਵਨੀ...(ਅੰਗ ੫੧੯)।

ਇਸ ਬਾਣੀ ਦੇ ਪਹਿਲੇ ਸ਼ਬਦ ਵਿਚ ਦੋ ਵਾਰੀ 'ਸੋਹਿਲਾ' ਅਤੇ ਇਕ ਵਾਰੀ 'ਸੋਹਿਲੈ' ਪਦ ਆਉਣ ਕਰਕੇ ਇਸ ਬਾਣੀ ਦਾ ਨਾਮ 'ਸੋਹਿਲਾ' ਪ੍ਰਸਿੱਧ ਹੋਇਆ ਖਿਆਲ ਕੀਤਾ ਜਾਂਦਾ ਹੈ ਜਿਵੇਂ = (੧) ਤਿਤੁ ਘਰਿ ਗਾਵਹੁ ਸੋਹਿਲਾ....(੨) ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ....(੩) ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ...(ਅੰਗ ੧੨)। ਸੰਝੈ ਸੋਦਰੁ ਗਾਵਣਾ, ਮਨ ਮੇਲੀ ਕਰਿ ਮੇਲਿ ਮਿਲੰਦੇ। ਰਾਤੀ ਕੀਰਤਿ ਸੋਹਿਲਾ, ਕਰਿ ਆਰਤੀ ਪਰਸਾਦੁ ਵਡੰਦੇ (ਭਾ.ਗੁ. ਵਾਰ ੬–੩)। ਭਾਈ ਮਨੀ ਸਿੰਘ ਰਚਿਤ 'ਗਿਆਨ ਰਤਨਾਵਲੀ' ਵਿਚ ਵੀ ਆਉਂਦਾ ਹੈ ਕਿ 'ਸੰਧਿਆ ਨੂੰ ਰਹਰਾਸ ਪੜੀਏ ਫੇਰ ਕੀਰਤਨ ਗਾਵੀਏ, ਪਹਰ ਰਾਤ ਗਈ ਸੋਹਿਲਾ ਪੜ੍ਹੀਏ। 'ਸੋਹਿਲਾ' ਬਾਣੀ ਦੇ ਪਾਠ ਤੋਂ ਪਹਿਲਾਂ ਕੀਰਤਨ ਹੋਣ ਕਰਕੇ ਇਸ ਬਾਣੀ ਦਾ ਨਾਮ 'ਕੀਰਤਨ ਸੋਹਿਲਾ' ਪ੍ਰਸਿੱਧ ਹੋ ਗਿਆ ਪ੍ਰਤੀਤ ਹੁੰਦਾ ਹੈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਇਸ ਬਾਣੀ ਨੂੰ ਆਰਤੀ ਸੋਹਿਲਾ ਕਰਕੇ ਵੀ ਲਿਖਿਆ ਮਿਲਦਾ ਹੈ = ਰਾਤਿ ਆਰਤੀ ਸੋਹਿਲਾ, ਮਾਇਆ ਵਿਚਿ ਉਦਾਸੁ ਰਹਾਇਆ (ਵਾਰ ੨੬–੪)। ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ ਦੇ ਹੁਕਮਨਾਮੇ ਵਿਚ ਵੀ ਇਹ ਨਾਮ ਲਿਖਿਆ ਮਿਲਦਾ ਹੈ = ਧਰਮਸਾਲ ਆਂਵਦੇ ਰਹਣਾ, ਆਰਤੀ ਸੋਹਿਲਾ ਕਰਣਾ, ਸ਼੍ਰੀ ਗੁਰੂ ਜੀ ਦੀ ਖਰੀ ਖੁਸ਼ੀ ਹੈ। ਗੁਰੂ, ਸੰਗਤ ਦੀ ਬਹੁੜੀ ਕਰੈਗਾ, ਤੁਸਾਂ ਉਪਰਿ ਖੁਸ਼ੀ ਹੈ (ਹੁਕਮਨਾਮੇ, ਡਾ. ਗੰਡਾ ਸਿੰਘ, ਪੰਨਾ ੭੩)।

ਪ੍ਰਾਣੀ ਦਾ ਦਾਹ ਸੰਸਕਾਰ ਕਰਨ ਸਮੇਂ ਵੀ ਇਸ ਬਾਣੀ ਦਾ ਪਾਠ ਕਰਨ ਦੀ ਮਰਿਆਦਾ ਹੈ, ਮਗਰੋਂ ਪ੍ਰਾਣੀ ਦੀ ਕਲਿਆਣ ਵਾਸਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਜਾਂਦੀ ਹੈ। ਇਹ ਮਰਿਆਦਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਚਲੀ ਆਉਂਦੀ ਹੈ, 'ਪੁਰਾਤਨ ਜਨਮ ਸਾਖੀ' ਵਿਚ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਵਾਲੀ ਸਾਖੀ ਤੋਂ ਇਸ ਮਰਿਆਦਾ ਦੀ ਪੁਸ਼ਟੀ ਹੁੰਦੀ ਹੈ = 'ਤਬ ਬਾਬੇ ਸੰਗਤ ਨੂੰ ਹੁਕਮ ਕੀਤਾ, ਕੀਰਤਨ ਪੜਹੁ। ਤਬ ਸੰਗਤ ਲਗੀ ਕੀਰਤਨ ਪੜ੍ਹਨਿ — ਸੋਹਲਾ ਰਾਗੁ ਗਉੜੀ ਦੀਪਕੀ ਮਹਲਾ ੧ ਜੈ ਘਰਿ ਕੀਰਤਿ ਆਖੀਐ ....।

ਪੁਰਾਤਨ ਮਰਿਆਦਾ ਅਨੁਸਾਰ ਗੁਰਦੁਆਰਿਆਂ ਵਿਚ 'ਸੋਦਰੁ ਰਹਿਰਾਸ' ਸਾਹਿਬ ਦੇ ਪਾਠ ਤੋਂ ਬਾਦ ਕੀਰਤਨ ਹੁੰਦਾ ਹੈ, ਗੁਰੂ ਗ੍ਰੰਥ ਸਾਹਿਬ ਜੀ ਦੇ ਸੁੱਖ ਆਸਣ ਸਮੇਂ 'ਸੋਹਿਲਾ' ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਗੁਰ ਸਿੱਖ ਰਾਤੀਂ ਇਸ ਬਾਣੀ ਦਾ ਪਾਠ ਕਰ ਕੇ ਸੌਂਦੇ ਹਨ।

ਭਾਈ ਸੰਤੋਖ ਸਿੰਘ ਜੀ 'ਗੁਰ ਪ੍ਰਤਾਪ ਸੂਰਜ ਪ੍ਰਕਾਸ਼' ਵਿਚ ਲਿਖਦੇ ਹਨ = ਸਿਮਰਨ ਸਤਿਨਾਮ ਕੋ ਕਰੈ। ਸੁਪਤਨ ਸਮੇ ਸੋਹਿਲਾ ਰਰੈ। ਬਿਘਨ ਅਨੇਕਨ ਕੋ ਹੋਇ ਨਾਸ। ਸਦਾ ਧਰੈ ਸਤਿਗੁਰ ਕੀ ਆਸ।

ਭਾਈ ਬਾਲੇ ਵਾਲੀ ਜਨਮ ਸਾਖੀ ਅਤੇ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਇਕ ਦਿਨ ਗੁਰੂ ਨਾਨਕ ਦੇਵ ਜੀ ਦੁਪਹਿਰ ਵੇਲੇ ਆਰਾਮ ਕਰਨ ਹਿਤ ਪਲੰਘ ਤੇ ਬਿਰਾਜਮਾਨ ਸਨ। ਭਾਈ ਲਹਿਣਾ ਜੀ ਨੇ ਮੁੱਠੀ ਚਾਪੀ ਕਰਦਿਆਂ ਦੇਖਿਆ ਕਿ ਗਰੀਬ ਨਿਵਾਜ ਜੀ ਦੇ ਚਰਨਾਂ ਵਿਚ ਲਹੂ ਸਿੰਮ ਰਿਹਾ ਹੈ। ਗੁਰੂ ਜੀ ਜਦ ਆਰਾਮ ਕਰਕੇ ਉਠੇ ਤਾਂ ਬਾਬਾ ਲਹਿਣਾ ਜੀ ਨੇ ਇਸਦਾ ਕਾਰਣ ਪੁਛਿਆ। ਗੁਰੂ ਨਾਨਕ ਦੇਵ ਜੀ ਉਤਰ ਦੇਣ ਲਗੇ, ਹੇ ਪਿਆਰੇ ਲਹਿਣਾ ਜੀ ! ਇਕ ਮੇਰਾ ਪਿਆਰਾ ਸਿੱਖ ਅਯਾਲੀ ਬਾਹਰ ਭੇਡਾਂ ਬਕਰੀਆਂ ਚਾਰਦਾ ਹੋਇਆ ਦਿਲੋਂ ਪਿਆਰ ਨਾਲ ਸੋਹਿਲਾ ਬਾਣੀ ਦਾ ਪਾਠ ਇਤਨਾ ਮਗਨ ਹੋ ਕੇ ਕਰ ਰਿਹਾ ਹੈ ਕਿ ਉਸ ਨੂੰ ਸੁੱਧ ਬੁੱਧ ਭੁੱਲ ਗਈ। ਪ੍ਰੇਮ ਵਿਚ ਬਾਉਰਾ ਹੋਇਆ ਕੰਡਿਆਲੀ ਝਾੜੀਆਂ ਵਿਚ ਫਿਰਦਾ ਹੈ, ਉਸਨੂੰ ਕੰਡਿਆਂ ਦੀ ਕੋਈ ਪ੍ਰਵਾਹ ਨਹੀਂ। ਗੁਰੂ ਜੀ ਆਖਦੇ ਹਨ ਕਿ ਅਸੀਂ ਉਸਦੀ ਰੱਖਿਆ ਕਰਦੇ ਨਾਲ ਨਾਲ ਫਿਰ ਰਹੇ ਸਾਂ ਤਾਂ ਕਿ ਸਿੱਖ ਦੇ ਪੈਰਾਂ ਵਿਚ ਕੰਡੇ ਨਾ ਚੁਭਣ। ਉਹ ਸਾਡੇ ਧਿਆਨ ਵਿਚ ਇਤਨਾ ਮਗਨ ਸੀ, ਅਸੀ ਉਸ ਨੂੰ ਇਕ ਮਿੰਟ ਵੀ ਪਾਸੇ ਨਹੀਂ ਸੀ ਛਡ ਸਕਦੇ {ਪਢਹਿ ਸੋਹਿਲਾ ਜੋ ਕਿਤ ਕੋਊ। ਤਿਹ ਸਮੀਪ ਨਿਹਚੈ ਮੈ ਹੋਊ (ਨਾਨਕ ਪ੍ਰਕਾਸ਼ ਉਤ. ਅਧਿ.੪੮)}। ਉਸਨੂੰ ਵੱਜ ਰਹੇ ਕੰਡੇ ਅਸੀਂ ਅਪਣੇ ਚਰਨਾਂ ਵਿਚ ਸਹਾਰ ਰਹੇ ਸਾਂ। ਬਾਬਾ ਲਹਿਣਾ ਜੀ ਆਖਣ ਲਗੇ ਇਹ ਦੁਖ ਸਹਾਰਨਾ ਔਖਾ ਹੈ, ਕ੍ਰਿਪਾ ਕਰਕੇ ਸੋਹਿਲਾ ਬਾਣੀ ਦੇ ਪਾਠ ਦਾ ਕੋਈ ਐਸਾ ਸਮਾਂ ਨਿਸਚਿਤ ਕਰੋ, ਜਿਸ ਸਮੇਂ ਆਪ ਜੀ ਨੂੰ ਇਸ ਪ੍ਰਕਾਰ ਦੀ ਤਕਲੀਫ ਨਾ ਹੋਵੇ। ਅਯਾਲੀ ਨੂੰ ਬੁਲਾ ਕੇ ਸਮਝਾਇਆ ਅਤੇ ਗੁਰੂ ਜੀ ਨੇ ਇਸ ਬਾਣੀ ਦਾ ਪਾਠ ਰਾਤ ਸੌਣ ਸਮੇਂ ਪੜ੍ਹਨਾ ਨੀਯਤ ਕਰ ਦਿਤਾ। ਸੌਣ ਵੇਲੇ ਕੀਰਤਨ ਸੋਹਿਲਾ ਦਾ ਪਾਠ ਕਰਨ ਨਾਲ ਇਸ ਦਾ ਭਾਵ ਅਤੇ ਅਸਰ ਮਨ ਵਿਚ ਪਿਆ ਰਹਿੰਦਾ ਹੈ, ਜੇ ਕਿਤੇ ਰਾਤ ਨੂੰ ਸੁੱਤਿਆਂ ਪਿਆਂ ਪ੍ਰਾਣ ਨਿਕਲ ਜਾਣ, ਤਾਂ ਮਨ ਵਿਚ ਬਾਣੀ ਦਾ ਭਾਵ ਵਸਿਆ ਹੋਣ ਕਰਕੇ ਸਤਿਗੁਰੂ ਪਾਤਸ਼ਾਹ ਪ੍ਰਲੋਕ ਵਿਚ ਸਹਾਈ ਹੁੰਦੇ ਹਨ। ਵੈਸੇ ਤਾਂ ਗੁਰਬਾਣੀ ਦਾ ਅਸਰ ਮਨ ਵਿਚ ਹਮੇਸ਼ਾ ਵਸਿਆ ਹੋਇਆ ਹੋਣਾ ਚਾਹੀਦਾ ਹੈ, ਪਰ ਕਲਜੁਗ ਦਾ ਪ੍ਰਭਾਵ ਪੈ ਜਾਣ ਕਰਕੇ ਦਿਨ ਵੇਲੇ ਮਨ ਦੀਆਂ ਬਿਰਤੀਆਂ ਇਧਰ ਉਧਰ ਖਿੰਡੀਆਂ ਰਹਿੰਦੀਆਂ ਹਨ। ਰਾਤ ਨੂੰ ਸੌਣ ਵੇਲੇ ਸਰੀਰ ਥੱਕਾ ਹੁੰਦਾ ਹੈ, ਪਾਠ ਕਰਕੇ ਪੈਂਦਿਆਂ ਹੀ ਝੱਟ ਨੀਂਦ ਆ ਜਾਂਦੀ ਹੈ। ਗੁਰਬਾਣੀ ਪੜ੍ਹਨ ਵਾਲੇ ਸਿੱਖ ਦੀ ਰੱਖਿਆ ਸਤਿਗੁਰੂ ਜੀ ਸਦਾ ਹੀ ਕਰਦੇ ਹਨ।

ਸਉਦੇ ਵਾਹੁ ਵਾਹੁ ਉਚਰਹਿ, ਉਠਦੇ ਭੀ ਵਾਹੁ ਕਰੇਨਿ। ਨਾਨਕ ਤੇ ਮੁਖ ਉਜਲੇ, ਜਿ ਨਿਤ ਉਠਿ ਸੰਮਾਲੇਨਿ।(੩੧੩)

ਸਿੱਖਾਂ ਨੇ ਬੇਨਤੀ ਕੀਤੀ ਵਾਹਿਗੁਰੂ ਦਾ ਜਸ ਕਿੱਥੇ ਬੈਠ ਕੇ ਕਰਿਆ ਕਰੀਏ? ਗੁਰੂ ਜੀ ਇਸ ਸ਼ਬਦ ਦੁਆਰਾ ਉਤਰ ਦੇਂਦੇ ਹਨ।

ਜੈ ਘਰਿ ਕੀਰਤਿ ਆਖੀਐ, ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ, ਸਿਵਰਿਹੁ ਸਿਰਜਣਹਾਰੋ ॥੧॥ ਜਿਸ ਸਤਿ ਸੰਗ ਘਰ ਵਿਚ ਪ੍ਰਮਾਤਮਾ ਦੀ ਸਿਫਤ ਸਲਾਹ ਆਖੀ (ਗਾਈ) ਜਾਂਦੀ ਹੈ ਅਤੇ ਕਰਤਾ ਪੁਰਖ (ਦੇ ਗੁਣਾਂ) ਦੀ ਵਿਚਾਰ ਹੁੰਦੀ ਹੈ। ਉਸ (ਸਤਿ ਸੰਗ) ਘਰ ਵਿਚ ਸੋਹਿਲਾ (ਵਾਹਿਗੁਰੂ ਦਾ ਜਸ) ਗਾਵੋ ਅਤੇ ਸਿਰਜਨਹਾਰ (ਵਾਹਿਗੁਰੂ) ਦਾ ਸਿਮਰਨ ਕਰਦੇ ਰਿਹਾ ਕਰੋ।੧।

ਸਚੀ ਬਾਣੀ ਸਚੇ ਗੁਣ ਗਾਵਹਿ, ਤਿਤੁ ਘਰਿ ਸੋਹਿਲਾ ਹੋਈ ਰਾਮ ੭੬੯; ਹਰਿ ਪ੍ਰਭ ਸਚਾ ਸੋਹਿਲਾ, ਗੁਰਮੁਖਿ ਨਾਮੁ ਗੋਵਿੰਦੁ।੧੪੨੧

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ਰਹਾਉ॥ ਹੇ ਭਾਈ ! ਤੁਸੀਂ ਮੇਰੇ ਭੈ ਰਹਿਤ ਵਾਹਿਗੁਰੂ ਦਾ ਸੋਹਿਲਾ ਜਰੂਰ ਗਾਵੋ। ਜਿਸ ਸੋਹਿਲੇ ਦੇ ਪੜ੍ਹਨ (ਜਾਂ ਗਾਉਣ) ਨਾਲ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ, ਮੈਂ (ਉਸ ਸੋਹਿਲੇ ਤੋਂ) ਵਾਰਨੇ ਜਾਂਦਾ ਹਾਂ।੧।ਰਹਾਉ।

ਨਿਤ ਨਿਤ ਜੀਅੜੇ ਸਮਾਲੀਅਨਿ, ਦੇਖੈਗਾ ਦੇਵਣਹਾਰੁ ॥ ਤੇਰੇ ਦਾਨੈ ਕੀਮਤਿ ਨ ਪਵੈ, ਤਿਸੁ ਦਾਤੇ ਕਵਣੁ ਸੁਮਾਰੁ ॥੨॥ (ਹੇ ਭਾਈ ! ਉਸ ਪ੍ਰਮਾਤਮਾ ਵੱਲੋਂ) ਹਰ ਰੋਜ (ਸਦਾ ਹੀ) ਜੀਵਾਂ ਦੀ ਸੰਭਾਲ ਹੋ ਰਹੀ ਹੈ, (ਉਹ) ਦੇਣ ਵਾਲਾ ਦਾਤਾਰ ਪਾਤਸ਼ਾਹ (ਤੈਨੂੰ ਵੀ) ਦੇਖੇਗਾ ਭਾਵ ਸੰਭਾਲ ਕਰੇਗਾ। ਦੂਜਾ ਅਰਥ = ਜਿਹੜੇ ਜੀਵ ਹਰ ਰੋਜ (ਤਨ ਮਨ ਦੁਆਰਾ ਵਾਹਿਗੁਰੂ ਨੂੰ) ਸਿਮਰਦੇ ਹਨ, ਦਾਤਾਰ ਪਾਤਸ਼ਾਹ ਨੂੰ ਪ੍ਰਤੱਖ ਦੇਖ ਲੈਣਗੇ (ਪਰ ਪਹਿਲਾ ਅਰਥ ਜਿਆਦਾ ਠੀਕ ਹੈ)। ਤੇਰੇ ਕੋਲੋਂ ਤਾਂ (ਉਸ ਦਾਤੇ ਦੇ ਦਿਤੇ) ਦਾਨ ਦੀ ਕੀਮਤ ਵੀ ਨਹੀਂ ਪੈ ਸਕਦੀ;ਹੇ ਵਾਹਿਗੁਰੂ ! (ਮਨੁੱਖ ਤੋਂ) ਤੇਰੇ ਦਾਨ ਦੀ ਕੀਮਤ ਨਹੀਂ ਪੈ ਸਕਦੀ (ਭਾ. ਵੀਰ ਸਿੰਘ, ਤਾਂ ਫਿਰ ਉਸ ਦਾਤੇ ਦੀ) ਗਿਣਤੀ ਕੌਣ ਕਰ ਸਕਦਾ ਹੈ? ਭਾਵ ਉਹ ਬੇਅੰਤ ਹੈ।੨। ਦਾਨੈ ਕੀਮਤਿ ਨ ਪਵੈ, ਦਾਤੈ ਕਉਣੁ ਸੁਮਾਰੁ ਵਖਾਣੈ।(ਭਾ.ਗੁ. ਵਾਰ ੧੫-੧੫)

ਸੰਬਤਿ ਸਾਹਾ ਲਿਖਿਆ, ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਅਸੀਸੜੀਆ, ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ (ਸੰਸਾਰ ਵਿਚ ਕੋਈ ਵੀ ਸਦਾ ਜਿਉਂਦਾ ਨਹੀਂ ਰਿਹਾ, ਮੌਤ ਜਰੂਰ ਆਉਣੀ ਹੈ, ਜਿੰਦ ਰੂਪ ਲਾੜੀ ਦਾ ਮੌਤ ਰੂਪ ਲਾੜੇ ਨਾਲ ਵਿਆਹੇ ਜਾਣ ਦਾ) ਦਿਨ ਅਤੇ ਸਾਲ ਲਿਖਿਆ (ਨੀਯਤ ਕੀਤਾ) ਹੋਇਆ ਹੈ {ਮਰਣੁ ਲਿਖਾਏ ਮੰਡਲ ਮਹਿ ਆਏ...੮੭੬}, (ਸਾਰੇ) ਮਿਲਕੇ (ਮੇਰੇ ਸਿਰ ਵਿਚ ਸ਼ਗਨਾਂ ਦਾ) ਤੇਲ ਪਾਓ {ਜਿਤੁ ਦਿਹਾੜੈ ਧਨ ਵਰੀ, ਸਾਹੇ ਲਏ ਲਿਖਾਇ। ਮਲਕੁ ਜਿ ਕੰਨੀ ਸੁਣੀਦਾ, ਮੁਹੁ ਦੇਖਾਲੇ ਆਇ। ....ਜਿੰਦੁ ਵਹੁਟੀ ਮਰਣੁ ਵਰੁ, ਲੈ ਜਾਸੀ ਪਰਣਾਇ ੧੩੭੭}। ਹੇ ਸੱਜਣੋਂ ! (ਤੁਸੀਂ ਸਾਰੇ ਮੈਨੂੰ) ਅਸੀਸਾਂ ਦੇਵੋ, ਜਿਸ ਕਰਕੇ (ਮੌਤ ਨਾਲ ਵਿਆਹ ਕਰਕੇ ਅਪਣੇ) ਮਾਲਕ (ਪ੍ਰਭੂ) ਨਾਲ ਮੇਲ ਹੋ ਜਾਵੇ । ਦੂਜਾ ਅਰਥ = ਮੌਤ ਨਾਲ ਸਾਡੇ ਵਿਆਹ ਦਾ ਸੰਮਤ ਤੇ ਦਿਹਾੜਾ ਮਿਥਿਆ ਹੋਇਆ ਹੈ, ਹੇ ਸੱਜਣੋ !

ਸਾਰੇ ਰਲ ਕੇ ਤੇਲ ਚੋਵੋ ਅਤੇ ਅਸੀਸਾਂ ਦੇਵੋ ਕਿ ਮੇਰਾ ਆਪਣੇ ਪਤੀ ਨਾਲ ਮੇਲ ਹੋਵੇ (ਸ਼ਬਦਾਰਥ)।੩।

ਘਰਿ ਘਰਿ ਏਹੋ ਪਾਹੁਚਾ, ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ, ਨਾਨਕ ਸੇ ਦਿਹ ਆਵੰਨਿ ॥੪॥੧॥ (ਕਿਵੇਂ ਪਤਾ ਲੱਗੇ ਕਿ ਸਾਹਾ ਲਿਖਿਆ ਗਿਆ ਹੈ ਅਤੇ ਮੌਤ ਰੂਪ ਵਿਆਹ ਦੇ ਸੱਦੇ ਆ ਰਹੇ ਹਨ) ਹਰ ਰੋਜ ਜੋ ਮੌਤ ਦੇ ਸੱਦੇ (ਜੀਵ ਰੂਪ ਇਸਤ੍ਰੀਆਂ ਨੂੰ) ਪੈਂਦੇ ਹਨ ਭਾਵ ਆਸ ਪਾਸ ਜੋ ਮੌਤਾਂ ਹੋ ਰਹੀਆਂ ਹਨ, (ਮਾਨੋਂ ਜਿਉਂਦਿਆਂ ਨੂੰ) ਘਰ ਘਰ ਇਹੋ ਸੱਦੇ ਮਿਲ ਰਹੇ ਹਨ। ਗੁਰੂ ਜੀ ਆਖਦੇ ਹਨ, (ਤੁਹਾਡੇ ਲਈ ਵੀ) ਉਹ ਦਿਨ ਆ ਰਹੇ ਹਨ, (ਇਸ ਕਰਕੇ) ਸੱਦਣ ਵਾਲੇ (ਪਤੀ ਮਾਲਕ) ਨੂੰ ਯਾਦ ਕਰੀਏ (ਤਾਂ ਕਿ ਜਿਉਂਦੇ ਜੀ ਰੱਬ ਨਾਲ ਮੇਲ ਹੋ ਜਾਵੇ, ਮੌਤ ਤੋਂ ਬਾਦ ਕੋਈ ਹੋਰ ਜਨਮ ਲੈ ਕੇ ਰੱਬ ਤੋਂ ਵਿਛੜ ਨਾ ਜਾਈਏ)।੪।੧।

ਪਦਰਾਥ = ਜੈ-ਜਿਸ। ਘਰਿ-ਸਤਿ ਸੰਗ ਰੂਪ ਘਰ ਵਿਚ;ਹਿਰਦੇ ਘਰ ਵਿਚ। ਕੀਰਤਿ-ਸਿਫਤ ਸਲਾਹ। ਆਖੀਐ-ਆਖੀ (ਗਾਈ) ਜਾਂਦੀ ਹੈ। ਕਰਤੇ ਕਾ-ਰਚਣਹਾਰ ਪ੍ਰਭੂ ਦਾ। ਤਿਤੁ-ਉਸ। ਸੋਹਿਲਾ-ਖੁਸ਼ੀ ਦਾ ਗੀਤ; ਸੁਹਾਗ ਦੇ ਗੀਤ (ਲੜਕੀ ਦੇ ਵਿਆਹ ਸਮੇਂ ਰਾਤ ਨੂੰ ਬੀਬੀਆਂ ਰਲ ਕੇ ਗੀਤ ਗਾਉਂਦੀਆਂ ਹਨ, ਉਨ੍ਹਾਂ ਨੂੰ ਸੋਹਿਲੜੇ ਆਖਦੇ ਹਨ, ਇਨ੍ਹਾਂ ਗੀਤਾਂ ਵਿਚ ਕੁਝ ਵੈਰਾਗ, ਵਿਛੋੜੇ ਦਾ ਜਜਬਾ ਹੁੰਦਾ ਹੈ, ਜੋ ਮਾਪਿਆਂ ਅਤੇ ਸਹੇਲੀਆਂ ਤੋਂ ਪੈਣਾ ਹੁੰਦਾ ਹੈ ਅਤੇ ਕੁਝ ਕੁ ਅਸੀਸਾਂ ਹੁੰਦੀਆਂ ਹਨ ਕਿ ਸਹੁਰੇ ਘਰ ਜਾ ਕੇ ਸੁਖੀ ਵੱਸੇ); ਪਤੀ ਪ੍ਰਮਾਤਮਾ ਨਾਲ ਮਿਲਣ ਦੀ ਤਾਂਘ ਦੇ ਸ਼ਬਦ। ਸਿਵਰਿਹੁ-ਸਿਮਰਨ ਕਰੋ।੧। ਹਉ-ਮੈਂ। ਨਿਰਭਉ ਕਾ-ਭੈ ਰਹਿਤ ਵਾਹਿਗੁਰੂ ਦਾ। ਵਾਰੀ-ਕੁਰਬਾਨ ਜਾਂਦਾ ਹਾਂ। ਜਿਤੁ-ਜਿਸ। ਸਦਾ ਸੁਖ-ਸਦੀਵੀ ਸੁਖ।੧। ਨਿਤ ਨਿਤ-ਹਰ ਰੋਜ; ਸਦਾ ਹੀ। ਜੀਅੜੇ-ਜੀਵ। ਸਮਾਲੀਅਨਿ-ਸੰਭਾਲ ਹੁੰਦੀ ਹੈ। ਦੇਖੈਗਾ-ਸੰਭਾਲੇਗਾ; ਮਿਹਰ ਦੀ ਨਜਰ ਨਾਲ ਦੇਖੇਗਾ। ਦਾਨੈ-ਦਾਨ ਦੀ। ਨ ਪਵੈ-ਨਹੀਂ ਪੈ ਸਕਦੀ। ਕਵਣੁ-ਕੌਣ। ਸੁਮਾਰ-ਗਿਣਤੀ; ਅੰਤ।੨। ਸੰਬਤਿ-ਸੰਮਤ; ਸਾਲ। ਸਾਹਾ-ਸੁ+ਅਹ-ਸੁ (ਚੰਗਾ), ਅਹ (ਦਿਨ) ਭਾਵ ਸ਼ੁੱਭ ਦਿਨ, (ਹਿੰਦੂ ਮੱਤ ਅਨੁਸਾਰ ਗ੍ਰਹਿ ਆਦਿ ਦੀ ਗਿਣਤੀ ਕਰਕੇ) ਵਿਆਹ ਦਾ ਨੀਯਤ ਕੀਤਾ ਦਿਨ; ਸ਼ੁੱਭ ਲਗਨ ਦਾ ਸਮਾਂ। ਤੇਲੁ-(ਵਿਆਹ ਦੀ ਚਿਠੀ ਆਉਣ ਤੇ ਨੇੜੇ ਦੇ ਰਿਸ਼ਤੇ ਦੀਆਂ ਬੀਬੀਆਂ ਵਲੋਂ) ਲਾੜੀ ਦੇ ਸਿਰ ਵਿਚ ਸ਼ਗਨਾਂ ਵੱਜੋ ਤੇਲ ਪਾਇਆ ਜਾਂਦਾ ਹੈ ਜਾਂ ਦਰਵਾਜਿਆਂ ਤੇ ਤੇਲ ਚੋਇਆ ਜਾਂਦਾ ਹੈ ਜੋ ਖੁਸ਼ੀ ਦਾ ਚਿੰਨ੍ਹ ਹੈ। ਅਸੀਸੜੀਆ-ਅਸੀਸਾਂ। ਸਾਹਿਬ-ਮਾਲਕ ਵਾਹਿਗੁਰੂ। ਸਿਉ-ਨਾਲ।੩। ਪਹੁਚਾ-ਵਿਆਹ ਦੀ ਗੰਢ (ਸੱਦਾ); ਨਿਉਂਦਾ; ਵਿਆਹ ਵਿਚ ਸ਼ਾਮਲ ਹੋਣ ਵਾਲੇ ਸਬੰਧੀਆਂ ਨੂੰ ਖੰਭਣੀ (ਲਾਲ ਪੀਲੇ ਰੰਗ ਦੇ ਧਾਗਿਆਂ ਦੀ ਬਣਾਈ ਇਕ ਲੜੀ ਜਿਹੀ) ਬੰਨ੍ਹ ਕੇ ਲਾਗੀ ਦੇ ਹੱਥ ਭੇਜੇ ਜਾਣ ਵਾਲੀ ਸੱਦੇ ਦੀ ਚਿੱਠੀ। ਸਦੜੇ-ਸੱਦੇ; ਬੁਲਾਵੇ। ਪਵੰਨਿ-ਪੈਂਦੇ ਹਨ। ਸਦਣਹਾਰਾ-ਸੱਦਣਵਾਲਾ ਵਾਹਿਗੁਰੂ। ਸੇ-ਉਹ। ਦਿਹ-ਦਿਨ। ਆਵੰਨਿ-ਆ ਰਹੇ ਹਨ।੪।੧।

ਵਿਆਖਿਆ = ਵਿਆਹ ਦੀ ਮਿਸਾਲ ਦੇਂਦੇ ਹੋਏ ਸਿਖਿਆ ਦੇਂਦੇ ਹਨ ਕਿ ਸਤਿ ਸੰਗ ਵਿਚ ਬੈਠ ਕੇ ਨਿਰੰਕਾਰ ਦੀ ਸਿਫਤ ਸਲਾਹ ਅਤੇ ਉਸ ਦੇ ਗੁਣਾਂ ਦੀ ਬਿਚਾਰ (ਕਥਾ ਵਖਿਆਨ) ਕਰੋ। ਮੌਤ ਦਾ ਦਿਨ ਮੁਕੱਰਰ ਹੈ, ਮੁਰਾਦ ਇਹ ਹੈ ਕਿ ਮੌਤ ਵਿਛੋੜਾ ਲੈ ਕੇ ਨਾ ਆਵੇ, ਮਰ ਕੇ ਸਾਈਂ ਨਾਲ ਮੇਲ ਦਾ ਅਵਸਰ ਬਣ ਜਾਵੇ। ਆਸ ਪਾਸ ਜੋ ਮੌਤਾਂ ਹੋ ਰਹੀਆਂ ਅਸੀਂ ਦੇਖਦੇ ਹਾਂ, ਇਹੋ ਹੀ ਸੱਦੇ ਸਾਨੂੰ ਮਿਲ ਰਹੇ ਹਨ ਜਾਂ ਦਿਨ ਰਾਤ ਦਾ ਬਦਲਨਾ ਦੋ ਸੱਦੇ ਹਰੇਕ ਘਰ ਵਿਚ ਮਿਲ ਰਹੇ ਹਨ ਕਿ ਤਿਆਰ ਰਹੋ। ਮੌਤ ਰੂਪ ਵਿਆਹ ਦਾ ਦਿਨ ਆਉਣ ਵਾਲਾ ਹੀ ਹੈ। ਜਿਸ ਦਿਨ ਲੜਕੀ ਦੀ ਸ਼ਗਾਈ ਹੋ ਜਾਂਦੀ ਹੈ, ਉਹ ਸਦਾ ਆਪਣੇ ਹੋਣ ਵਾਲੇ ਪਤੀ ਨੂੰ ਯਾਦ ਰੱਖਦੀ ਹੈ ਅਤੇ ਵਿਆਹ ਵਾਲੇ ਦਿਨ ਪਤੀ ਨਾਲ ਮਿਲਾਪ ਹੋਣ ਦੀ ਉਡੀਕ ਵਿਚ ਜੀਵਨ ਦੇ ਦਿਨ ਬਤੀਤ ਕਰਦੀ ਹੈ। ਇਸੇ ਤਰ੍ਹਾਂ ਸਾਹੇ ਭਾਵ ਮੌਤ ਦਾ ਦਿਨ ਆਉਣ ਤੋਂ ਪਹਿਲਾਂ ਪਤੀ ਪ੍ਰਮਾਤਮਾ ਦਾ ਭਜਨ ਕਰ ਲਓ ਤਾਂ ਕਿ ਫਿਰ ਵਿਛੋੜਾ ਨਾ ਹੋਵੇ ਭਾਵ ਹੋਰ ਜੂਨ ਵਿਚ ਨਾ ਜਾਣਾ ਪਵੇ।

ਰਾਗੁ ਆਸਾ ਮਹਲਾ ੧ ॥ ਛਿਅ ਘਰ ਛਿਅ ਗੁਰ, ਛਿਅ ਉਪਦੇਸ ॥ ਗੁਰੁ ਗੁਰੁ ਏਕੋ, ਵੇਸ ਅਨੇਕ ॥੧॥ ਬਾਬਾ ਜੈ ਘਰਿ, ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ ॥੧॥ਰਹਾਉ॥ (ਹੇ ਭਾਈ!) ਛੇ ਸ਼ਾਸਤਰ ਹਨ, ਛੇ (ਇਨ੍ਹਾਂ ਸ਼ਾਸਤਰਾਂ ਦੇ) ਲਿਖਣ ਵਾਲੇ ਗੁਰੂ ਹਨ ਅਤੇ ਛੇ ਹੀ (ਇਨ੍ਹਾਂ ਦੇ) ਉਪਦੇਸ਼ (ਵੱਖ ਵੱਖ ਸਿਧਾਂਤ) ਹਨ। ਪਰ ਇਨ੍ਹਾਂ (ਛੇਆਂ ਸ਼ਾਸਤਰਾਂ ਦੇ ਲਿਖਣ ਵਾਲਿਆਂ ਦਾ) ਮੂਲ ਗੁਰੂ ਇਕ ਅਕਾਲ ਪੁਰਖ ਹੀ ਹੈ, (ਸ਼ਾਸਤਰਾਂ ਦੇ ਇਹ ਸਾਰੇ ਉਪਦੇਸ਼) ਉਸ ਵਾਹਿਗੁਰੂ ਦੇ ਹੀ ਅਨੇਕਾਂ ਵੇਸ ਹਨ (ਵਾਹਿਗੁਰੂ ਦਾ ਗਿਆਨ ਅਨੇਕ ਭਾਵਾਂ ਵਿਚ ਪ੍ਰਕਾਸ਼ਵਾਨ ਹੋ ਰਿਹਾ ਹੈ ਜਾਂ ਰੱਬ ਦੀ ਪ੍ਰਾਪਤੀ ਦੇ ਅਨੇਕਾਂ ਹੀ ਭੇਖ ਹਨ)।੧। ਹੇ ਭਾਈ! ਜਿਸ ਘਰ (ਸ਼ਾਸਤਰ ਜਾਂ ਮੱਤ) ਵਿਚ ਕਰਤਾਰ ਦੀ ਸਿਫਤ ਸਲਾਹ ਹੁੰਦੀ ਹੈ, (ਤੂੰ) ਉਸ ਘਰ ਨੂੰ ਰੱਖ (ਮੰਨ; ਧਾਰਣ ਕਰ, ਕਿਉਂਕਿ ਇਸੇ ਵਿਚ) ਤੇਰੀ ਵਡਿਆਈ ਹੈ ਭਾਵ ਲੋਕ ਪ੍ਰਲੋਕ ਵਿਚ ਸੋਭਾ ਹੋਵੇਗੀ (ਗੁਰੂ ਜੀ ਆਪਣਾ ਮੱਤ ਦਸਦੇ ਹਨ ਕਿ ਰੱਬੀ ਕੀਰਤਨ ਸਭ ਤੋਂ ਸ੍ਰੇਸ਼ਟ ਹੈ)।੧। ਰਹਾਉ।

ਵਿਸੁਏ ਚਸਿਆ ਘੜੀਆ ਪਹਰਾ, ਥਿਤੀ ਵਾਰੀ ਮਾਹੁ ਹੋਆ ॥ ਸੂਰਜ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥ ਜਿਵੇਂ ਵਿਸਿਆਂ, ਚਸਿਆਂ, ਘੜੀਆਂ, ਪਹਿਰ, ਤਿੱਥ, ਦਿਨ ਅਤੇ ਮਹੀਨਾ ਹੋਏ ਹਨ। (ਫੇਰ) ਰੁੱਤਾਂ ਅਨੇਕ ਹਨ, ਪਰ (ਸਭ ਦਾ ਕਾਰਣ) ਸੂਰਜ ਇਕੋ ਹੈ। ਗੁਰੂ ਜੀ ਆਖਦੇ ਹਨ ਕਿ (ਇਸੇ ਤਰ੍ਹਾਂ) ਕਰਤਾ ਪੁਰਖ ਦੇ ਕਿਤਨੇ (ਬੇਅੰਤ) ਹੀ ਰੂਪ ਹਨ।੨।੨।

ਬਾਬਾ ਜੈ ਘਰਿ ਕਰਤੇ ਕੀਰਤਿ ਹੋਇ। ਸੋ ਘਰੁ ਰਾਖੁ ਵਡਾਈ ਤੋਇ = (ਭਾ. ਵੀਰ ਸਿੰਘ ਨੇ ਸੰਥਿਆ ਪੋਥੀ ਪਹਿਲੀ ਵਿਚ ਉਪਰ ਵਾਲਾ ਅਰਥ ਹੀ ਕੀਤਾ ਹੈ ਪਰ ਉਨ੍ਹਾਂ ਦੇ ਰਚੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਵਿਚ ਇਹ ਅਰਥ ਹੈ =) ਹੇ ਬਾਬਾ (ਈਸ਼੍ਵਰ)! ਜਿਥੇ ਤੇਰਾ ਯਸ਼ ਹੁੰਦਾ ਹੈ,

ਉਸ ਘਰ ਵਿਖੇ ਸਾਨੂੰ ਰੱਖ ਕਿ ਤੇਰੀ ਵਡਿਆਈ ਕਰੀਏ।

ਪਦਾਰਥ = ਛਿਅ–ਛੇ।ਛਿਅ ਘਰ–ਛੇ ਸ਼ਾਸਤਰ = ੧. ਸਾਂਖ (ਕਰਤਾ–ਕਪਲ ਮੁਨੀ)।੨.ਨਿਆਇ (ਕਰਤਾ–ਗੋਤਮ ਰਿਖੀ)।੩. ਵਿਸ਼ੇਸ਼ਿਕ (ਕਰਤਾ–ਕਣਾਦ ਰਿਖੀ)।੪. ਮਿਮਾਂਸਾ (ਕਰਤਾ–ਜੈਮਨੀ ਰਿਖੀ)।੫. ਯੋਗ (ਕਰਤਾ–ਪਤੰਜਲੀ ਰਿਖੀ)।੬. ਵੇਦਾਂਤ (ਕਰਤਾ –ਬਿਆਸ ਰਿਖੀ)।ਗੁਰ–(ਸ਼ਾਸਤਰਾਂ ਦੇ) ਕਰਤਾ (ਲਿਖਣ ਵਾਲੇ)।ਉਪਦੇਸ਼–ਸਿਖਿਆ; ਮੱਤ।ਗੁਰੁ ਗੁਰੁ–ਗੁਰੂ ਦਾ ਗੁਰੂ ਭਾਵ ਛੇ ਸ਼ਾਸਤਰਾਂ ਦੇ ਲਿਖਣ ਵਾਲਿਆਂ ਦੇ ਗੁਰੂਆਂ ਦਾ ਗੁਰੂ (ਇਕ ਕਰਤਾਰ ਹੈ)।ਵੇਸ–ਰੂਪ।੧।ਬਾਬਾ–ਹੇ ਭਾਈ!; ਹੇ ਵਾਹਿਗੁਰੂ।ਜੈ–ਜਿਸ। ਘਰਿ–ਸ਼ਾਸਤਰ; ਮੱਤ ਵਿਚ; ਸਤਿ ਸੰਗ ਵਿਚ।ਕਰਤੇ–ਕਰਤਾਰ ਦੀ।ਕੀਰਤਿ–ਸਿਫਤ ਸਲਾਹ।ਰਾਖੁ–ਸੰਭਾਲ; ਮੰਨ; ਧਾਰਣ ਕਰ। ਤੋਇ–ਤੇਰੀ।੧।ਰਹਾਉ।ਵਿਸੁਏ–ਅੱਖ ਦੇ ੧੫ ਫੋਰ ਦਾ ਇਕ ਵਿਸਾ।ਚਸਿਆ–੧੫ ਵਿਸੁਏ ਦਾ ਇਕ ਚਸਾ।ਘੜੀਆ–੩੦ ਚਸੇ ਦਾ ਇਕ ਪਲ ਅਤੇ ੬੦ ਪਲਾਂ ਦੀ ਇਕ ਘੜੀ।ਪਹਰਾ–ਸਾਢੇ ੭ ਘੜੀਆਂ ਦਾ ਇਕ ਪਹਿਰ।ਥਿਤੀ–ਚੰਦ੍ਰਮਾ ਦੇ ਸਾਲ ਦੀਆਂ ਦੋਹਾਂ ਪੱਖਾਂ ਦੀਆਂ ਤਰੀਕਾਂ।ਵਾਰੀ–ਕਾਲ; ਦਿਨ।ਮਾਹੁ–ਮਹੀਨਾ।ਹੋਆ–ਹੋਇਆ ਹੈ; ਬਣਿਆ।ਕੇਤੇ–ਕਿਤਨੇ ਹੀ; ਬੇਅੰਤ।੨।੨।

ਵਿਆਖਿਆ = ਸੰਸਾਰ ਵਿਚ ਬੇਅੰਤ ਮੱਤ, ਰੱਬ ਦੀ ਪ੍ਰਾਪਤੀ ਦੇ ਵੱਖ ਵੱਖ ਵਿਚਾਰ ਹਨ, ਪਰ ਸਭ ਦਾ ਮੂਲ ਸੋਮਾ ਇਕ ਪ੍ਰਮਾਤਮਾ ਹੈ। ਗੁਰੂ ਜੀ ਦਾ ਮੱਤ ਹੈ ਬੇਸ਼ਕ ਸਭ ਸ਼ਾਸਤਰਾਂ ਦੇ ਮੱਤਾਂ ਦਾ ਸੋਮਾ ਇਕ ਵਾਹਿਗੁਰੂ ਹੀ ਹੈ, ਪਰ ਜਿਸ ਮੱਤ ਵਿਚ ਰੱਬ ਦੀ ਸਿਫਤ ਸਲਾਹ ਹੁੰਦੀ ਹੈ, ਉਸ ਮੱਤ ਨੂੰ ਧਾਰਣ ਕਰਨਾ ਚਾਹੀਦਾ ਹੈ, ਤਦ ਹੀ ਮਨੁੱਖ ਜਨਮ ਮਰਨ ਤੋਂ ਮੁਕਤ ਹੋ ਸਕਦਾ ਹੈ।ਅੱਗੇ ਗੁਰਦੇਵ ਜੀ ਮਿਸਾਲ ਦੇਂਦੇ ਹਨ ਕਿ ਜਿਵੇਂ ਪੰਦਰਾਂ ਵਾਰ ਅੱਖਾਂ ਮੀਟਣ ਅਤੇ ਖੋਲ੍ਹਣ ਤੋਂ ਇਕ ਵਿਸਾ, ਪੰਦਰਾਂ ਵਿਸਿਆਂ ਦਾ ਇਕ ਚਸਾ, ਤੀਹ ਚਸਿਆਂ ਦਾ ਇਕ ਪਲ, ਸੱਠਾਂ ਪਲਾਂ ਦੀ ਇਕ ਘੜੀ, ਸਾਢੇ ਸੱਤ ਘੜੀਆਂ ਦਾ ਇਕ ਪਹਿਰ, ਅੱਠ ਪਹਿਰਾਂ ਦਾ ਦਿਨ ਅਤੇ ਰਾਤ, (ਮਹੀਨੇ ਵਿਚ ਸ਼ੁਦੀ ਅਤੇ ਵਦੀ ਦੋ ਪੱਖ ਹੁੰਦੇ ਹਨ, ਇਕ ਪੱਖ ਪੰਦਰਾਂ ਦਿਨਾਂ ਦਾ ਹੁੰਦਾ ਹੈ, ਪੰਦਰਾਂ ਦਿਨਾਂ ਦੀਆਂ ਪੰਦਰਾਂ) ਤਿੱਥਾਂ ਅਤੇ ਤੀਹ ਦਿਨਾਂ ਦਾ ਇਕ ਮਹੀਨਾ ਹੁੰਦਾ (ਬਣਦਾ) ਹੈ।(ਸੂਰਜ ਦੇ ਦੁਆਲੇ ਧਰਤੀ ਦੇ ਘੁੰਮਣ ਕਰਕੇ ਸਮਾਂ ਹੋਂਦ ਵਿਚ ਆਇਆ, ਜਿਸ ਸਮੇਂ ਨੂੰ ਵੱਖ ਵੱਖ ਰੂਪਾਂ ਵਿਸੁਏ, ਚਸਿਆਂ, ਘੜੀਆਂ, ਪਹਰਾਂ ਥਿਤਾਂ, ਵਾਰਾਂ ਤੇ ਦਿਨਾਂ ਵਿਚ ਵੰਡਿਆ ਹੋਇਆ ਹੈ, ਪਰ ਸਭ ਦਾ ਮੁੱਢ ਇਕ ਸੂਰਜ ਹੈ।ਇਸੇ ਤਰ੍ਹਾਂ ਭਿੰਨ ਭਿੰਨ ਮਜ਼੍ਹਬਾਂ ਅਤੇ ਖਿਆਲਾਂ ਦੇ ਹੁੰਦਿਆਂ ਸਭ ਦਾ ਸੋਮਾ ਵਾਹਿਗੁਰੂ ਇਕ ਹੈ {ਏਕ ਮੂਰਤਿ ਅਨੇਕ ਦਰਸ਼ਨ, ਕੀਨ ਰੂਪ ਅਨੇਕ।ਖੇਲ ਖੇਲ ਅਖੇਲ ਖੇਲਨ ,ਅੰਤ ਕੋ ਫਿਰਿ ਏਕ।ਜਾਪ ਸਾਹਿਬ, ਪਾ. ੧੦}।ਭਾਈ ਗੁਰਦਾਸ ਜੀ ਦਾ ਕਥਨ ਹੈ =

ਪਲ ਘੜੀਆ ਮੂਰਤ ਪਹਰ, ਥਿਤਿ ਵਾਰ ਗਣਾਏ।ਦੁਇ ਪਖ ਬਾਰਹ ਮਾਹ, ਕਰਿ ਸੰਜੋਗ ਬਣਾਏ।
ਛਿਅ ਰੁਤੀ ਵਰਤਾਈਆ, ਬਹੁ ਚਲਤ ਬਣਾਏ।ਸੂਰਜ ਇਕੁ ਵਰਤਦਾ, ਲੋਕੁ ਵੇਦ ਅਲਾਏ।
ਚਾਰਿ ਵਰਨ ਛਿਅ ਦਰਸਨਾ, ਬਹੁ ਪੰਥ ਚਲਾਏ।ਆਪੇ ਆਪਿ ਵਰਤਦਾ, ਗੁਰਮੁਖਿ ਸਮਝਾਏ।(ਵਾਰ ੨–੧੪)
ਛਿਅ ਘਰਿ ਛਿਅ ਗੁਰ ਆਖੀਅਨਿ, ਛਿਅ ਉਪਦੇਸ ਭੇਸ ਅਭਿਆਸੀ।ਛਿਅ ਰੁਤਿ ਬਾਰਹ ਮਾਹ ਕਰਿ,
ਸੂਰਜ ਇਕੋ ਬਾਰਹ ਰਾਸੀ।ਗੁਰਾ ਗੁਰੂ ਸਤਿਗੁਰ ਅਬਿਨਾਸੀ।(ਵਾਰ ੮–੧੩)

ਅੰਗ ੧੩ =ਉਥਾਨਕਾ = ਗੁਰੂ ਨਾਨਕ ਦੇਵ ਜੀ ਮਾਰਚ ੧੫੧੦ ਈ. ਵਿਚ ਪੁਰੀ (ਉੜੀਸਾ) ਵਿਖੇ ਜਗਨਨਾਥ ਮੰਦਰ ਦੇ ਸਾਹਮਣੇ ਸਿੰਘ ਕੌਰ ਜਿਥੇ ਅਜ ਕਲ੍ਹ ਮੰਗੂ ਮਠ ਹੈ, ਪੁਜੇ।ਇਥੇ ਬੈਠ ਕੇ ਗੁਰੂ ਜੀ ਨੇ ਕੀਰਤਨ ਕੀਤਾ, ਬਹੁਤ ਲੋਕ ਗੁਰੂ ਜੀ ਦੇ ਪ੍ਰੇਮੀ ਬਣ ਗਏ ਅਤੇ ਸੰਧਿਆ ਸਮੇਂ ਲੋਕ ਗੁਰੂ ਜੀ ਨੂੰ ਜਗਨਨਾਥ ਦੇ ਮੰਦਰ ਵਿਚ ਲੈ ਗਏ।ਇਥੇ ਪਾਂਡੇ ਇਕ ਥਾਲ ਵਿਚ ਦੀਵੇ ਬਾਲ ਕੇ ਜਗਨਨਾਥ ਦੀ ਮੂਰਤੀ ਦੇ ਅੱਗੇ ਖਲੋ ਕੇ ਆਰਤੀ ਕਰ ਰਹੇ ਸਨ।ਜਗਤ ਤਾਰਕ ਗੁਰੂ ਜੀ ਆਰਤੀ ਸਮੇਂ ਇਕ ਪਾਸੇ ਅਡੋਲ ਬੈਠੇ ਰਹੇ, ਆਰਤੀ ਵਿਚ ਖੜ੍ਹੇ ਨਾ ਹੋਏ।ਆਰਤੀ ਦੀ ਸਮਾਪਤੀ ਤੋਂ ਬਾਦ ਪੰਡਤਾਂ ਨੇ ਗੁਰੂ ਤੋਂ ਪੁਛਿਆ ਕਿ ਆਪ ਸਾਧੂ ਹੋ, ਆਰਤੀ ਵਿਚ ਸ਼ਾਮਲ ਕਿਉਂ ਨਹੀਂ ਹੋਏ।ਗੁਰੂ ਜੀ ਨੇ ਉਤਰ ਦਿਤਾ ਕਿ ਅਸੀਂ ਕੁਦਰਤ ਵਲੋਂ ਭਗਵਾਨ ਦੀ ਹੋ ਰਹੀ ਸੱਚੀ ਆਰਤੀ ਸੁਣ ਰਹੇ ਸਾਂ।ਇਥੇ ਮੰਦਰ ਵਿਚ ਹੋ ਰਹੀ ਆਰਤੀ ਵਿਚ ਛੋਟੇ ਛੋਟੇ ਜਿਹੇ ਦੀਵੇ ਹਨ, ਪ੍ਰਮਾਤਮਾ ਬਹੁਤ ਵੱਡਾ ਹੈ, ਵੱਡੇ ਦੀ ਆਰਤੀ ਵਾਸਤੇ ਵੱਡਾ ਹੀ ਸਮਾਨ ਚਾਹੀਦਾ ਹੈ। ਕੁਦਰਤ ਵਲੋਂ ਪ੍ਰਮਾਤਮਾ ਦੀ ਹੋ ਰਹੀ ਆਰਤੀ ਬਹੁਤ ਵੱਡੀ ਅਤੇ ਮਹਾਨ ਹੈ, ਜੋ ਗੁਰੂ ਜੀ ਨੇ ਰਾਗ ਧਨਾਸਰੀ ਵਿਚ ਗਾ ਕੇ ਸਭ ਨੂੰ ਸੁਣਾਈ =

ਰਾਗੁ ਧਨਸਰੀ ਮਹਲਾ ੧ ॥ ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ ॥੧॥ ਆਕਾਸ਼ ਰੂਪ ਥਾਲ ਹੈ (ਉਸ ਥਾਲ ਵਿਚ) ਸੂਰਜ ਤੇ ਚੰਦ ਦੋ ਦੀਵੇ ਬਣੇ ਹੋਏ ਹਨ (ਜਿਨ੍ਹਾਂ ਵਿਚ ਨਾ ਤੇਲ ਤੇ ਨਾ ਹੀ ਬੱਤੀ ਪਾਉਣੀ ਪੈਂਦੀ ਹੈ) ਅਤੇ ਤਾਰਿਆਂ ਦਾ ਮੰਡਲ (ਉਸ ਥਾਲ ਵਿਚ) ਮਾਨੋ ਮੋਤੀ (ਰੱਖੇ ਹੋਏ) ਹਨ।ਮਲਯ ਪਰਬਤ ਤੋਂ ਆ ਰਹੀ ਸੁਗੰਧਤ ਹਵਾ (ਮਾਨੋ ਭਗਵਾਨ ਲਈ) ਧੂਪ (ਧੁਖ ਰਹੀ) ਹੈ, ਪੌਣ ਚੌਰ ਕਰ ਰਹੀ ਹੈ ਅਤੇ ਸਾਰੀ ਬਨਸਪਤੀ ਜੋਤੀ ਸਰੂਪ ਪ੍ਰਮਾਤਮਾ ਲਈ ਫਲ ਫੁਲ ਰਹੀ ਹੈ (ਇਹ ਮਾਨੋ ਭਗਵਾਨ ਦੀ ਆਰਤੀ ਲਈ ਫੁੱਲਾਂ ਦੀ ਵਰਖਾ ਹੋ ਰਹੀ ਹੈ)।੧।ਭਾਰ ਅਠਾਰਹ ਮਾਲਣਿ ਤੇਰੀ।ਚਉਰੁ ਢੁਲੈ ਪਵਣੈ ਲੈ ਫੇਰੀ।ਚੰਦੁ ਸੂਰਜੁ ਦੁਇ ਦੀਪਕ ਰਾਖੇ, ਸਸਿ ਘਰਿ ਸੂਰੁ ਸਮਾਇਦਾ।(ਅੰਗ ੧੦੩੩)

ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ਰਹਾਉ॥ ਹੇ (ਜੀਵਾਂ ਦਾ) ਜਨਮ ਮਰਨ ਨਾਸ਼

ਕਰਨ ਵਾਲੇ ਪ੍ਰਭੂ! ਇਹੋ ਜੇਹੀ ਆਰਤੀ ਤੋਂ ਬਿਨਾ ਹੋਰ ਤੇਰੀ ਆਰਤੀ ਕਿਹੋ ਜਿਹੀ ਹੋਵੇ? (ਸੰ.ਸ.)।
ਦੂਜਾ ਅਰਥ = ਹੇ ਜਨਮ ਮਰਨ ਨਾਸ਼ ਕਰਨ ਵਾਲੇ ਵਾਹਿਗੁਰੂ! ਜੋ ਤੇਰੀ ਆਰਤੀ (ਕੁਦਰਤ ਵਿਚ ਆਪਣੇ ਆਪ) ਹੋ ਰਹੀ ਹੈ, ਇਹ ਕਿੰਨੀ ਅਸਚਰਜ ਆਰਤੀ ਹੋ ਰਹੀ ਹੈ। ਸਾਰੇ ਜੀਵਾਂ ਦੇ ਅੰਦਰ ਵਜ ਰਿਹਾ ਇਕ ਰਸ (ਲਗਾਤਾਰ) ਸ਼ਬਦ, (ਮਾਨੋ ਤੇਰੀ ਆਰਤੀ ਲਈ) ਨਗਾਰਾ ਹੈ {ਘਟ ਘਟ ਵਾਜਹਿ ਨਾਦ = ਹਰੇਕ ਜੀਵ ਦੇ ਅੰਦਰ ਨਾਦ ਵਜ ਰਿਹਾ ਹੈ (ਜਪੁ ਜੀ)।੧।ਰਹਾਉ।
ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ ,ਸਹਸ ਮੂਰਤਿ ਨਨਾ ਏਕ ਤੁੋਹੀ ॥ ਸਹਸ ਪਦ ਬਿਮਲ, ਨਨ ਏਕ ਪਦ, ਗੰਧ ਬਿਨੁ ,ਸਹਸ ਤਵ ਗੰਧ, ਇਵ ਚਲਤ ਮੋਹੀ ॥੨॥ (ਹੇ ਕਰਤਾਰ! ਸਭ ਜੀਵਾਂ ਵਿਚ ਵਿਆਪਕ ਹੋਣ ਕਰਕੇ) ਹਜਾਰਾਂ ਹੀ ਤੇਰੇ ਨੇਤਰ ਹਨ, (ਪਰ ਨਿਰਾਕਾਰ ਹੋਣ ਕਰਕੇ) ਤੇਰਾ ਕੋਈ ਨੇਤ੍ਰ ਨਹੀਂ, (ਸਭ ਵਿਚ ਵਸਦਾ ਹੋਣ ਕਰਕੇ) ਹਜਾਰਾਂ ਹੀ ਤੇਰੇ ਸਰੂਪ ਹਨ {ਤੇਰੀ ਮੂਰਤਿ ਏਕਾ ਬਹੁਤ ਰੂਪ ੧੧੯੮} (ਪਰ ਨਿਰਾਕਾਰ ਹੋਣ ਕਰਕੇ) ਤੇਰਾ ਇਕ ਵੀ ਸਰੂਪ ਨਹੀਂ। {ਸਹਸ ਨੇਤ੍ਰ ਨੇਤ੍ਰ ਹੈ ਪ੍ਰਭ ਕਉ ,ਪ੍ਰਭ ਏਕੋ ਪੁਰਖੁ ਨਿਰਾਰੇ। ਸਹਸ ਮੂਰਤਿ ਏਕੋ ਪ੍ਰਭੁ ਠਾਕੁਰੁ ,ਪ੍ਰਭੁ ਏਕੋ ਗੁਰਮਤਿ ਤਾਰੇ ੯੮੦}। (ਸਭ ਵਿਚ ਵਿਆਪਕ ਹੋਣ ਕਰਕੇ ਤੇਰੇ) ਹਜਾਰਾਂ ਹੀ ਨਿਰਮਲ ਪੈਰ ਹਨ (ਪਰ ਨਿਰਾਕਾਰ ਹੋਣ ਕਰ ਕੇ ਤੇਰਾ ਕੋਈ) ਪੈਰ ਨਹੀਂ ਅਤੇ (ਤੂੰ) ਨੱਕ ਤੋਂ ਬਿਨਾ ਹੈ, (ਪਰ ਸਭ ਵਿਚ ਵਿਆਪਕ ਹੋਣ ਕਰਕੇ) ਤੇਰੇ ਹਜਾਰਾਂ ਹੀ ਨੱਕ ਹਨ, (ਇਕ ਪਾਸੇ ਤੇਰਾ ਕੋਈ ਆਕਾਰ ਨਹੀਂ ਅਤੇ ਦੂਜੇ ਪਾਸੇ ਤੇਰੇ ਹਜਾਰਾਂ ਹੀ ਰੂਪ ਹਨ, ਤੇਰੇ) ਇਸ ਤਰ੍ਹਾਂ ਦੇ ਕੌਤਕਾਂ ਨੇ ਮੈਨੂੰ ਮੋਹ ਲਿਆ ਹੈ {ਮੇਰਾ ਮਨੁ ਤਨੁ ਮੋਹਿ ਲੀਆ ਜੀਉ ,ਦੇਖਿ ਚਲਤ ਤੁਮਾਰੇ ੨੪੭}; (ਤੇਰੇ) ਇਸ ਤਰ੍ਹਾਂ ਦੇ ਚਰਿੱਤ੍ਰ ਦੇਖ ਕੇ (ਮੇਰੀ ਬੁਧੀ) ਮੋਹੀ ਗਈ ਹੈ।੨।
ਆਰਤੀ ਕਰਨ ਸਮੇਂ ਜੋਤਾਂ ਜਗਾਈਆਂ ਜਾਂਦੀਆਂ ਹਨ, ਕੁਦਰਤੀ ਹੋ ਰਹੀ ਆਰਤੀ ਵਿਚ ਕਿਹੜੀਆਂ ਜੋਤਾਂ ਹਨ ?
ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥ ਸਭ (ਜੀਵਾਂ) ਵਿਚ ਜੋ ਜੋਤ (ਚੇਤਨ ਸੱਤਾ) ਹੈ, ਉਹ ਪ੍ਰਮਾਤਮਾ ਦੀ ਹੀ ਜੋਤ ਹੈ। ਉਸ ਜੋਤ ਦੇ ਪ੍ਰਕਾਸ਼ ਨਾਲ (ਚੰਦ, ਸੂਰਜ, ਤਾਰਿਆਂ ਅਤੇ) ਸਭ ਵਿਚ ਪ੍ਰਕਾਸ਼ ਹੋ ਰਿਹਾ ਹੈ। (ਪਰ ਉਹ) ਜੋਤ ਗੁਰੂ ਦੀ ਸਿਖਿਆ ਰਾਹੀਂ ਪਰਗਟ ਹੁੰਦੀ ਹੈ। ਜਿਹੜੀ (ਆਰਤੀ) ਉਸ ਪ੍ਰਮਾਤਮਾ ਨੂੰ ਭਾਉਂਦੀ ਹੈ, ਉਹ ਆਰਤੀ ਹੀ (ਰੱਬ ਨੂੰ ਪ੍ਰਵਾਨ) ਹੁੰਦੀ ਹੈ। ਦੂਜਾ ਅਰਥ = ਜੋ ਉਸ ਪ੍ਰਭੂ ਨੂੰ ਭਾਵੇ, ਆਰਤੀ ਉਹੋ ਹੈ (ਭਾ.ਵੀਰ ਸਿੰਘ) ਭਾਵ ਜੋ ਕੁਝ ਰੱਬ ਨੂੰ ਚੰਗਾ ਲਗਦਾ ਹੈ, ਉਹ ਹੀ ਸੰਸਾਰ ਵਿਚ ਹੁੰਦਾ ਹੈ, ਰੱਬ ਦੇ ਕੀਤੇ ਨੂੰ ਮਨੁੱਖ ਮਿੱਠਾ ਕਰਕੇ ਮੰਨੇ, ਅਸਲ ਵਿਚ ਇਹ ਹੀ ਆਰਤੀ ਹੈ (ਟਕਸਾਲ ਅਤੇ ਦਰਪਣ ਨੇ ਵੀ ਇਸੇ ਤਰ੍ਹਾਂ ਦੇ ਅਰਥ ਕੀਤੇ ਹਨ)।੩।
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ, ਅਨਦਿਨੋੁ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ, ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥ ਹੇ ਹਰੀ! ਤੇਰੇ ਚਰਨਾਂ ਕਵਲਾਂ ਦੇ ਮਕਰੰਦ ਲਈ ਮੇਰਾ ਮਨ (ਰੂਪ ਭੌਰਾ) ਲੁਭਾਇਵਾਨ ਹੋ ਰਿਹਾ ਹੈ ਅਤੇ (ਜਿਵੇਂ ਪਪੀਹੇ ਨੂੰ ਸ੍ਵਾਂਤੀ ਬੂੰਦ ਦੀ ਪਿਆਸ ਹੁੰਦੀ ਹੈ ਤਿਵੇਂ) ਮੈਨੂੰ ਦਿਨ ਰਾਤ (ਤੇਰੇ ਦਰਸ਼ਨਾਂ ਦੀ) ਪਿਆਸ ਹੈ। ਪਪੀਹੇ (ਵਰਗੇ ਪ੍ਰੇਮੀ) ਨਾਨਕ ਨੂੰ ਕ੍ਰਿਪਾ ਦਾ ਜਲ ਬਖਸ਼ੋ {ਮੇਰੇ ਪ੍ਰਭ, ਕਿਰਪਾ ਜਲੁ ਦੇਵਹੁ ਹਰਿ ਨਾਈ ੬੦੭}, ਜਿਸ ਕਰਕੇ ਤੇਰੇ ਨਾਮ ਵਿਚ (ਮੇਰਾ) ਵਾਸਾ ਹੋ ਜਾਵੇ।੪।੩।
ਰਹਾਉ ਵਾਲੀ ਤੁਕ ਦਾ ਹੋਰ ਅਰਥ =(ਛੋਟੇ ਜਿਹੇ ਥਾਲ ਵਿਚ ਛੋਟੇ ਛੋਟੇ ਦੀਵੇ ਰੱਖ ਕੇ ਇਤਨੇ ਵੱਡੇ ਪ੍ਰਮਾਤਮਾ ਦੀ ਇਹ) ਕਿਹੋ ਜਿਹੀ ਆਰਤੀ ਹੋ ਰਹੀ ਹੈ। ਹੇ ਜਨਮ ਮਰਨ ਨਾਸ਼ ਕਰਨ ਵਾਲੇ ਵਾਹਿਗੁਰੂ! ਤੇਰੀ (ਅਸਲ ਵਿਚ ਤਾਂ) ਆਰਤੀ ਇਹ ਹੈ ਜੋ ਅਸੀਂ ਕਹਿ ਰਹੇ ਹਾਂ (ਟਕਸਾਲ)। (ਦੁਨਿਆਵੀ ਭੇਰੀਆਂ ਤਾਂ ਥੋੜਾ ਸਮਾਂ ਵਜਦੀਆਂ ਹਨ) ਰੱਬ ਦੀ ਚੇਤਨ ਸੱਤਾ ਨਾਲ ਸਾਰੇ ਜੀਵਾਂ ਦੇ ਅੰਦਰੋਂ ਇਕ ਰਸ (ਆਪਣੇ ਆਪ) ਜੋ ਸ਼ਬਦ (ਬੋਲ) ਨਿਕਲਦੇ ਹਨ, ਇਹੋ ਹੀ (ਤੇਰੀ ਆਰਤੀ ਲਈ ਲਗਾਤਾਰ) ਸ਼ਹਿਨਾਈਆਂ ਵਜ ਰਹੀਆਂ ਹਨ।
ਸਭੈ ਘਟ ਰਾਮੁ ਬੋਲੈ ਰਾਮਾ ਬੋਲੈ। ਰਾਮ ਬਿਨਾ ਕੋ ਬੋਲੈ ਰੇ। (੯੮੮)ਭਾਵਸਭ ਦੇ ਅੰਦਰੋਂ ਪ੍ਰਭੂ ਪ੍ਰਗਟ ਹੋ ਰਿਹਾ ਹੈ।
ਪਦਾਰਥ = ਗਗਨ ਮੈ–ਗਗਨ ਮਈ; ਆਕਾਸ਼ ਰੂਪ; ਸਾਰਾ ਅਸਮਾਨ। ਰਵਿ–ਸੂਰਜ। ਦੀਪਕ–ਦੀਵੇ। ਬਨੇ–ਬਣੇ ਹਨ। ਤਾਰਿਕਾ ਮੰਡਲ –ਤਾਰਾ ਮੰਡਲ; ਤਾਰਿਆਂ ਦਾ ਸਮੂਹ। ਜਨਕ–ਮਾਨੋ; ਜਾਣੋ; (ਮੋਤੀ ਜੜੇ ਹੋਏ ਹਨ ਆਕਾਸ ਰੂਪ ਥਾਲ ਵਿਚ, ਵੀ ਅਰਥ ਹੈ)। ਧੂਪ–ਸੁਗੰਧੀ ਵਾਲੇ ਪਦਾਰਥਾਂ ਦਾ ਧੂਆਂ (ਜੋ ਇਸ਼ਟ ਨੂੰ ਦੇਂਦੇ ਹਨ)। ਮਲਆਨਲੋ–ਮਲਯ+ਅਨਲੋ–ਮਲਯ ਨੂੰ ਛੋਹ ਕੇ ਆਉਣ ਵਾਲੀ ਸੁਗੰਧਤ ਹਵਾ (ਅਨਲ –ਹਵਾ); ਮਲਯਾਨਲ–ਮਲਯ ਪਹਾੜ ਦੀ ਅੱਗ (ਮਦਰਾਸ ਕੋਲ ਮਲਯ ਪਹਾੜ ਜਿੱਥੇ ਚੰਦਨ ਬਹੁਤ ਹੁੰਦਾ ਹੈ, ਉਥੇ ਬਾਂਸ ਆਪਸ ਵਿਚ ਖਹਿ ਕੇ ਚੰਦਨ ਨੂੰ ਲਗੀ ਅੱਗ ਤੋਂ ਨਿਕਲਿਆ ਖੁਸ਼ਬੋਦਾਰ ਧੂਆਂ)। ਪਵਣੁ–ਪੌਣ। ਚਵਰੋ–ਚੌਰ (ਤੇਜ ਹਵਾ ਨਾਲ ਝੂਲਦੇ ਦਰੱਖਤ ਮਾਨੋ ਚੌਰ ਕਰਦੇ ਹਨ)। ਸਗਲ–ਸਾਰੀ। ਬਨਰਾਇ–ਬਨਸਪਤੀ। ਫੂਲੰਤ–ਫਲ (ਖਿੜ) ਰਹੀ ਹੈ। ਜੋਤੀ–ਜੋਤ ਸਰੂਪ ਪ੍ਰਮਾਤਮਾ; ਹੇ ਜੋਤੀ ਸਰੂਪ!। ਕੈਸੀ–ਕਿਹੋ ਜਿਹੀ। ਆਰਤੀ–ਪੂਜਨੀਕ ਦੇਵਤੇ ਜਾਂ ਹੋਰ ਇਸ਼ਟ ਅੱਗੇ ਥਾਲੀ ਵਿਚ ਦੀਵੇ ਘੁਮਾ ਕੇ ਪੂਜਾ ਕਰਨੀ। ਭਵ ਖੰਡਨਾ–ਹੇ ਜਨਮ ਮਰਨ ਨਾਸ਼ ਕਰਨ ਵਾਲੇ!। ਅਨਹਤਾ–ਜੋ ਬਿਨਾ ਵਜਾਏ ਵੱਜੇ; ਇਕ ਰਸ। ਸਬਦ–ਆਵਾਜ; ਬੋਲ । ਵਾਜੰਤ–ਵਜਦੇ ਹਨ। ਭੇਰੀ–ਵਾਜੇ; ਨਗਾਰੇ।੧। ਸਹਸ–ਹਜਾਰਾਂ। ਤਵ–ਤੇਰੇ। ਨੈਨ–ਨੇਤਰ। ਨਨ–ਨਹੀਂ। ਹਹਿ–ਹੈ। ਤੋਹਿ ਕਉ–ਤੇਰੇ ਵਾਸਤੇ ਭਾਵ

ਤੇਰੇ। ਮੂਰਤਿ-ਸਰੀਰ; ਸ਼ਕਲਾਂ; ਸਰੂਪ; ਵਜੂਦ। ਨਨਾ-ਨਹੀਂ। ਤੁੋਹੀ-ਤੇਰਾ। ਪਦ-ਪੈਰ। ਬਿਮਲ-ਮਲ ਤੋਂ ਬਿਨਾ ਭਾਵ ਪਵਿਤ੍ਰ; ਨਿਰਮਲ। ਗੰਧ-(ਸੁੰਘਣ ਵਾਲਾ ਅੰਗ) ਨੱਕ। ਇਵ-ਇਸ ਤਰ੍ਹਾਂ। ਚਲਤ-ਚਲਿੱਤ੍ਰ; ਕੌਤਕ। ਮੋਹੀ-ਮੋਹ ਲਿਆ ਹੈ; ਮੋਹੀ ਗਈ ਹੈ।੨। ਜੋਤਿ-ਪ੍ਰਕਾਸ਼। ਸੋਇ-ਉਹ (ਪ੍ਰਭੂ ਦੀ)। ਤਿਸ ਦੈ-ਉਸ ਦੇ। ਸਾਖੀ-ਸਿਖਿਆ; ਸਾਕ੍ਸ਼ੀ (ਸ+ਅਕਸ਼ੀ-ਅੱਖਾਂ ਨਾਲ ਦੇਖਣ ਵਾਲਾ ਭਾਵ ਗੁਰੂ ਦੀ ਬਖਸ਼ੀ ਦੈਵੀ ਨਜਰ ਨਾਲ)।੩। ਮਕਰੰਦ-ਪ੍ਰਾਗ (ਫੁੱਲਾਂ ਦੇ ਅੰਦਰਲਾ ਰਸ)। ਲੋਭਿਤ-ਲੁਭਾਇਵਾਨ; ਲਲਚਾ ਰਿਹਾ ਹੈ। ਮਨੋ-ਮੇਰਾ ਮਨ (ਰੂਪ ਭੌਰਾ)। ਅਨਦਿਨੋ-ਦਿਨ ਰਾਤ; ਸਦਾ ਹੀ। ਮੋਹਿ-ਮੈਨੂੰ। ਆਹੀ-ਹੈ। ਸਾਰਿੰਗ-ਪਪੀਹਾ। ਕਉ-ਨੂੰ। ਜਾ ਤੇ-ਜਿਸ ਤੇ; ਜਿਸ ਤੋਂ (ਕਰਕੇ)। ਨਾਇ-ਨਾਮ ਵਿਚ।੪।੩।

ਵਿਆਖਿਆ = ਕਰੀਬ ਕਰੀਬ ਸਾਰੇ ਧਰਮਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਜੋਤ ਜਾਂ ਮੋਮ ਬੱਤੀਆਂ ਜਗਾ ਕੇ ਅਪਣੇ ਇਸ਼ਟ ਦੇਵ ਪ੍ਰਤੀ ਅਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਹਿੰਦੂ ਧਰਮ ਵਿਚ ਜੋਤ ਦਾ ਬੜਾ ਮਹੱਤਵ ਹੈ, ਮੰਦਰਾਂ ਵਿਚ ਆਮ ਜੋਤ ਬਲਦੀ ਦੇਖੀ ਜਾ ਸਕਦੀ ਹੈ। ਇਕ ਥਾਲ ਵਿਚ ਦੀਵੇ ਬਾਲ ਕੇ ਇਸ਼ਟ ਦੇਵ ਅੱਗੇ ਥਾਲੀ ਵਾਰ ਵਾਰ ਘੁਮਾ ਕੇ ਆਰਤੀ ਕਰਨ ਦੀ ਪੁਰਾਤਨ ਪਰੰਪਰਾ ਸਾਰੇ ਮੰਦਰਾਂ ਵਿਚ ਪ੍ਰਚਲਤ ਹੈ। ਪਰ ਗੁਰਮਤਿ ਵਿਚ ਹਿੰਦੂਆਂ ਵਾਂਙ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਥਾਲੀ ਵਿਚ ਦੀਵੇ ਰੱਖ ਕੇ ਆਰਤੀ ਕਰਨ ਦੀ ਮਰਿਆਦਾ ਨਹੀਂ ਹੈ, ਉਂਝ ਸ਼ਾਮ ਵੇਲੇ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਦ ਗੁਰਦੁਆਰਿਆਂ ਵਿਚ ਆਰਤੀ ਦੇ ਸ਼ਬਦਾਂ ਦਾ ਕੀਰਤਨ ਜਰੂਰ ਹੁੰਦਾ ਹੈ। ਬਹੁਤ ਪੁਰਾਣੇ ਸਮੇਂ ਵਿਚ ਕੁਦਰਤੀ ਸ਼ਕਤੀਆਂ ਦੀ ਖੁਸ਼ੀ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਦੇਵਤੇ ਮੰਨ ਕੇ ਪੂਜਾ ਆਰੰਭ ਹੋ ਗਈ। ਸੂਰਜ, ਚੰਦ ਅਤੇ ਅੱਗ ਨੂੰ ਵੀ ਦੇਵਤੇ ਮੰਨ ਕੇ ਮਨੁੱਖ ਇਨ੍ਹਾਂ ਦੀ ਪੂਜਾ ਕਰਨ ਲਗ ਪਿਆ। ਪਹਿਲਾਂ ਪਹਿਲਾਂ ਤਾਂਤ੍ਰਿਕ ਲੋਕ ਭੈਰੋਂ ਦੀ ਮੂਰਤੀ ਅੱਗੇ ਸਰ੍ਹੋਂ ਦੇ ਤੇਲ ਦਾ ਦੀਵਾ ਬਾਲ ਕੇ ਪੂਜਾ ਕਰਨ ਲੱਗੇ, ਹੌਲੀ ਹੌਲੀ ਲੋਕ ਹਰੇਕ ਦੇਵਤੇ ਅੱਗੇ ਤਿਲਾਂ ਦੇ ਤੇਲ ਜਾਂ ਗਾਂ ਦੇ ਘਿਓ ਦੀ ਜੋਤ ਜਗਾਉਣ ਲਗ ਪਏ।

ਕਿਸੇ ਘਰ ਵਿਚ ਦੀਵੇ ਦੀ ਰੋਸ਼ਨੀ ਹੋਣਾ ਇਸ ਗਲ ਦੀ ਨਿਸ਼ਾਨੀ ਹੈ ਕਿ ਇਸ ਘਰ ਵਿਚ ਕੋਈ ਵਸਦਾ ਹੈ, ਕਿਸੇ ਘਰ ਦਾ ਦੀਵਾ ਗੁਲ ਹੋਣਾ ਉਸ ਘਰ ਦਾ ਉਜਾੜਾ ਦਸਦਾ ਹੈ। ਘਰਾਂ ਵਿਚ ਅੱਗੇ ਬਿਜਲੀ ਨਹੀਂ ਸੀ ਹੁੰਦੀ, ਘਰਾਂ ਵਿਚ ਰੋਸ਼ਨੀ ਲਈ ਲਾਲਟਣਾਂ, ਦੀਵਿਆਂ ਮੋਮ ਬੱਤੀਆਂ ਜਾਂ ਮਿਸ਼ਾਲਾਂ ਦੀ ਮੱਦਦ ਲਈ ਜਾਂਦੀ ਸੀ। ਬਿਜਲੀ ਆਉਣ ਨਾਲ ਦੀਵਿਆਂ ਲਾਲਟਣਾਂ ਦੀ ਲੋੜ ਨਹੀਂ ਰਹੀ, ਘਰਾਂ ਵਿਚ ਚਾਨਣ ਦਾ ਕੰਮ ਬਿਜਲੀ ਤੋਂ ਲੈ ਲਿਆ ਜਾਂਦਾ ਹੈ। ਪੂਜਾ ਕਰਨ ਵਾਲਿਆਂ ਵਾਸਤੇ ਹੁਣ ਬਿਜਲੀ ਦੀਆਂ ਟਿਮ ਟਿਮਾਉਂਦੀਆਂ ਜੋਤਾਂ ਵੀ ਮਾਰਕੀਟ ਵਿਚ ਆ ਗਈਆਂ ਹਨ। ਸਾਰੀ ਊਰਜਾ ਜਾਂ ਅੱਗ ਦਾ ਸੋਮਾ ਸੂਰਜ ਹੈ ਅਤੇ ਸੂਰਜ ਦਾ ਸੋਮਾ ਨਿਰੰਕਾਰ {ਚੰਦੁ ਸੂਰਜੁ ਦੁਇ ਜੋਤਿ ਸਰੂਪੁ। ਜੋਤੀ ਅੰਤਰਿ ਬ੍ਰਹਮੁ ਅਨੂਪ ੯੭੨}, ਸਾਰੇ ਵਿਸ਼ਵ ਨੂੰ ਊਰਜਾ, ਤਾਕਤ ਨਿਰੰਕਾਰ ਤੋਂ ਮਿਲਦੀ ਹੈ। ਸਿੱਖ ਨਿਰੰਕਾਰ ਦਾ ਉਪਾਸ਼ਕ ਹੈ, ਕਿਸੇ ਦੇਵੀ ਦੇਵਤੇ, ਸੂਰਜ, ਚੰਦ ਜਾਂ ਅੱਗ ਆਦਿ ਦਾ ਨਹੀਂ। ਅਠਾਰਵੀਂ ਸਦੀ ਵਿਚ ਹਕੂਮਤ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਪੂਰਾ ਜੋਰ ਲਗਾਇਆ, ਸਿੱਖਾਂ ਦਾ ਕਤਲਿਆਮ ਕੀਤਾ ਗਿਆ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਤੇ ਸਖਤ ਪਾਬੰਦੀ ਸੀ, ਆਲੇ ਦੁਆਲੇ ਸਖਤ ਪਹਿਰਾ ਸੀ, ਕੋਈ ਵੀ ਸਿੱਖ ਕਿਧਰੇ ਪਾਸਿਉਂ ਵੀ ਦਰਸਨਾਂ ਲਈ ਨਹੀਂ ਸੀ ਆ ਸਕਦਾ । ਹਕੂਮਤ ਨੇ ਢੰਡੋਰਾ ਦਿਤਾ ਕਿ ਹੁਣ ਸਿੱਖ ਮੁਕ ਚੁਕੇ ਹਨ, ਇਕ ਸਿੱਖ ਭਾਈ ਮਣਸਾ ਸਿੰਘ ਜੀ ਨੇ ਰਾਤ ਦੇ ਹਨ੍ਹੇਰੇ ਵਿਚ ਸਰੋਵਰ ਵਿਚੋਂ ਦੀ ਤਰ ਕੇ ਸ਼੍ਰੀ ਦਰਬਾਰ ਸਾਹਿਬ ਦੇ ਅੰਦਰ ਜਾ ਕੇ ਜੋਤ ਜਗਾ ਦਿਤੀ। ਭਾਈ ਜੀ ਜੋਤ ਜਗਾ ਕੇ ਵਾਪਸ ਆਉਂਦੇ ਸ਼ਹੀਦ ਹੋ ਗਏ, ਪਰ ਉਨ੍ਹਾਂ ਦਾ ਇਹ ਜੋਤ ਜਗਾਉਣਾ ਪੂਜਾ ਦਾ ਭਾਗ ਨਹੀਂ ਸੀ, ਸ਼੍ਰੀ ਦਰਬਾਰ ਸਾਹਿਬ ਅੰਦਰ ਜੋਤ ਜਗਾ ਕੇ ਉਨ੍ਹਾਂ ਇਹ ਪ੍ਰਗਟਾਇਆ ਹੈ ਕਿ ਸਿੱਖ ਮੁੱਕੇ ਨਹੀਂ। ਸਿਖ ਵੀ ਇਸ ਪੰਜਾਬ ਦੀ ਧਰਤੀ ਤੇ ਵਸਦੇ ਰਹਿਣਗੇ ਅਤੇ ਸ੍ਰੀ ਦਰਬਾਰ ਸਾਹਿਬ ਵੀ ਸਦਾ ਕਾਇਮ ਰਹੇਗਾ। ਉਨ੍ਹਾਂ ਦਾ ਜੋਤ ਜਗਾਉਣਾ ਦਰਬਾਰ ਸਾਹਿਬ ਦੀ ਕਾਇਮੀ ਅਤੇ ਸਿਖਾਂ ਦੀ ਮੌਜੂਦਗੀ ਪ੍ਰਗਟਾਉਣਾ ਸੀ। {ਧੂਪ ਦੀਪ ਕਰਤੇ, ਹਰਿ ਨਾਮ ਤੁਲਿ ਨ ਲਾਗੇ ੧੨੨੯} ਵਾਹਿਗੁਰੂ ਨਾਮ ਦੀ ਬਰਾਬਰੀ ਧੂਪ ਦੀਪ ਨਹੀਂ ਕਰ ਸਕਦੇ। ਸੂਰਜ ਅਤੇ ਚੰਦ ਦੁਨੀਆਂ ਵਿਚ ਤਾਂ ਚਾਨਣ ਕਰਕੇ ਹਨ੍ਹੇਰਾ ਦੂਰ ਕਰਦੇ ਹਨ, ਪਰ ਮਨੁੱਖ ਦੇ ਅੰਦਰ ਅਗਿਆਨਤਾ ਦਾ ਘੁੱਪ ਹਨ੍ਹੇਰਾ ਦੂਰ ਨਹੀਂ ਕਰ ਸਕਦੇ। ਧਰਮ ਦੇ ਰਸਤੇ ਤੇ ਚਲਣ ਵਾਲਾ ਮਨੁੱਖ ਅਪਣੇ ਅੰਦਰਲਾ ਹਨ੍ਹੇਰਾ ਨਿੱਕੇ ਨਿੱਕੇ ਦੀਵਿਆਂ ਦੀਆਂ ਜੋਤਾਂ ਬਾਲ ਕੇ ਦੂਰ ਕਰਨਾ ਲੋੜਦਾ ਹੈ, ਜੋ ਅਸੰਭਵ ਹੈ। ਮਨੁੱਖ ਦੇ ਅੰਦਰਲਾ ਹਨ੍ਹੇਰਾ ਤਾਂ ਨਾਮ ਦੀ ਜੋਤ ਨੇ ਦੂਰ ਕਰਨਾ ਹੈ {ਨਾਮ ਤੇਰਾ ਦੀਵਾ ਨਾਮੁ ਤੇਰੋ ਬਾਤੀ, ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ। ਨਾਮ ਤੇਰੇ ਕੀ ਜੋਤਿ ਲਗਾਈ, ਭਇਓ ਉਜਿਆਰੋ ਭਵਨ ਸਗਲਾਰੇ। ਅੰਗ ੬੯੪}।

ਪ੍ਰਮਾਤਮਾ ਨਿਰਾਕਾਰ ਹੈ, ਜੀਵਾਂ ਵਾਂਗ ਉਸ ਦੇ ਅੰਗ ਆਦਿ ਨਹੀਂ ਹਨ। ਪਰ ਉਸਦੀ ਚੇਤਨ ਸੱਤਾ ਸਭ ਵਿਚ ਹੈ, ਜੀਵਾਂ ਦੀਆਂ ਅੱਖਾਂ, ਕੰਨ, ਨੱਕ, ਹੱਥ, ਪੈਰ, ਦਿਲ, ਦਿਮਾਗ ਆਦਿ ਸਭ ਵਾਹਿਗੁਰੂ ਦੀ ਸੱਤਾ ਨਾਲ ਹੀ ਕੰਮ ਕਰਦੇ ਹਨ। ਸਭ ਵਿਚ ਨਿਰੰਕਾਰ ਦੀ ਜੋਤ ਹੋਣ ਕਰਕੇ ਸਮਝੋ ਜੀਵਾਂ ਦੇ ਸਾਰੇ ਇੰਦ੍ਰੇ ਉਸੇ ਦੇ ਅੰਗ ਹਨ। ਇਸ ਕਰਕੇ ਉਹ ਹਜਾਰਾਂ ਅੱਖਾਂ, ਹਜਾਰਾਂ ਮੂਰਤਾਂ (ਸਰੂਪਾਂ), ਹਜਾਰਾਂ ਪੈਰਾਂ ਅਤੇ ਹਜਾਰਾਂ ਹੀ ਨੱਕਾਂ ਵਾਲਾ ਹੈ, ਪਰ ਨਿਰ ਅਕਾਰ ਹੋਣ ਕਰਕੇ ਉਸ ਦਾ ਕੋਈ ਅੰਗ ਨਹੀਂ, ਕੋਈ ਸਰੂਪ ਨਹੀਂ। ਸਾਰਾ ਜਗਤ ਨਿਰੰਕਾਰ ਦਾ ਹੀ ਦਿਸਦਾ ਰੂਪ ਹੈ, ਇਸ ਗਲ ਦਾ ਗਿਆਨ ਪੂਰਨ ਸਤਿਗੁਰੂ ਤੋਂ ਹੁੰਦਾ ਹੈ, ਜਿਸ ਸਤਿਗੁਰੂ ਨੇ ਆਪਣੀਆਂ ਅੱਖਾਂ ਨਾਲ ਨਿਰੰਕਾਰ ਦਾ ਵਿਸਮਾਦੀ ਰੂਪ ਦੇਖਿਆ ਹੈ। ਗੁਰੂ ਦੇ ਦੱਸੇ ਰਸਤੇ ਤੇ ਚਲ ਕੇ ਵਾਹਿਗੁਰੂ ਦੇ ਚਰਨ ਕਵਲਾਂ ਵਿਚ ਮਨੁੱਖ ਅਰਦਾਸ ਕਰਦਾ ਹੈ ਕਿ ਮੇਰੇ ਤੇ ਇਹ ਕਿਰਪਾ ਕਰ,

ਤੇਰੇ ਨਾਮ ਵਿਚ ਵਾਸਾ ਹੋ ਜਾਵੇ।

ਰਾਗੁ ਗਉੜੀ ਪੂਰਬੀ ਮਹਲਾ ੪ ॥ ਕਾਮਿ ਕਰੋਧਿ ਨਗਰੁ ਬਹੁ ਭਰਿਆ, ਮਿਲਿ ਸਾਧੂ ਖੰਡਲ ਖੰਡਾ ਹੇ ॥ ਪੂਰਬਿ ਲਿਖਤ ਲਿਖੇ ਗੁਰੁ ਪਾਇਆ, ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥ (ਮਨੁੱਖ ਦਾ) ਸਰੀਰ ਰੂਪ ਨਗਰ ਕਾਮ ਕ੍ਰੋਧ ਨਾਲ ਭਰਿਆ ਪਿਆ ਹੈ, (ਪਰ ਗੁਰਮੁਖਾਂ ਨੇ) ਸਾਧੂ (ਗੁਰੂ) ਨੂੰ ਮਿਲ ਕੇ (ਕਾਮ ਆਦਿਕਾਂ ਨੂੰ) ਤੋੜ ਦਿਤਾ ਹੈ; ਸਮੂੰਹ ਵਿਕਾਰਾਂ ਨੂੰ ਨਾਸ਼ ਕਰ ਦਿਤਾ ਹੈ (ਸਭ ਸੰਪ੍ਰਦਾਵਾਂ ਨੇ ਦੋਵੇਂ ਅਰਥ ਕੀਤੇ ਹਨ)।(ਗੁਰਮੁਖਾਂ ਦੇ ਭਾਗ ਚੰਗੇ ਸਨ, ਉਨ੍ਹਾਂ ਨੇ) ਪੂਰਬ ਲਿਖਤ ਦੇ ਲਿਖੇ ਅਨੁਸਾਰ ਹੀ (ਪੂਰਣ) ਗੁਰੂ ਪ੍ਰਾਪਤ ਕੀਤਾ ਹੈ ਅਤੇ ਹਰੀ ਦਾ ਧਿਆਨ ਮਨ (ਵਾਲੀ ਜਗ੍ਹਾ) ਵਿਚ ਸਜਾ ਲਿਆ (ਹਰੀ ਦੀ ਲਿਵ ਮਨ ਵਿਚ ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲਈ ਹੈ)।੧।

ਕਰਿ ਸਾਧੂ ਅੰਜੁਲੀ, ਪੁਨੁ ਵਡਾ ਹੇ ॥ ਕਰਿ ਡੰਡਉਤ, ਪੁਨ ਵਡਾ ਹੇ ॥੧॥ਰਹਾਉ॥ ਸਾਧੂ (ਗੁਰੂ) ਅੱਗੇ ਦੋਵੇਂ ਹੱਥ ਜੋੜਨ ਕਰਕੇ ਵੱਡਾ ਪੁੰਨ ਹੁੰਦਾ ਹੈ।(ਫਿਰ ਸਿੱਧਾ) ਡੰਡੇ ਵਾਂਙ ਲੰਮਾ ਪੈ ਕੇ ਨਮਸ਼ਕਾਰ ਕਰ (ਇਹ ਵੀ ਬਹੁਤ) ਵੱਡਾ ਪੁੰਨ ਹੈ।੧।ਰਹਾਉ।{ਸੰਤਹ ਚਰਨ ਮਾਥਾ ਮੇਰੋ ਪਉਤ।ਅਨਿਕ ਬਾਰ ਸੰਤਹ ਡੰਡਉਤ}।(ਅੰਗ ੮੮੯)।

ਸਾਕਤ ਹਰਿ ਰਸ ਸਾਦੁ ਨ ਜਾਣਿਆ, ਤਿਨ ਅੰਤਰਿ ਹਉਮੈ ਕੰਡਾ ਹੇ ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ, ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥ ਸਾਕਤਾਂ ਨੇ ਹਰੀ ਰਸ ਦੇ ਅਨੰਦ ਨੂੰ ਨਹੀਂ ਜਾਣਿਆ ਕਿਉਂਕਿ ਉਨ੍ਹਾਂ ਦੇ (ਮਨ ਰੂਪ ਪੈਰ) ਅੰਦਰ ਹਉਮੈ ਦਾ ਕੰਡਾ (ਚੁਭਿਆ ਹੋਇਆ) ਹੈ।ਜਿਵੇਂ ਜਿਵੇਂ (ਉਹ ਸਾਕਤ ਪੁਰਸ਼ ਹਉਮੈ ਦੇ ਕਰਮਾਂ ਵਿਚ ਅੱਗੇ) ਚਲਦੇ ਹਨ, ਕੰਡਾ ਚੁਭਦਾ ਹੈ, ਦੁਖ ਪਾਉਂਦੇ ਹਨ ਅਤੇ ਅੰਤ ਨੂੰ ਕਾਲ ਕਰਨ ਵਾਲੇ ਜਮਾਂ ਦਾ ਡੰਡਾ ਸਹਿੰਦੇ ਹਨ।

ਕਰੈ ਗੁਮਾਨੁ ਚੁਭਹਿ ਤਿਸੁ ਸੂਲਾ, ਕੋ ਕਾਢਨ ਕੋ ਨਾਹੀ।ਅਜੈ ਸੁ ਚੋਭ ਕਉ ਬਿਲਲ ਬਿਲਾਤੇ, ਨਰਕੇ ਘੋਰ ਪਚਾਹੀ।(੯੬੯)

ਦੂਜਾ ਅਰਥ = ਜਿਉਂ ਜਿਉਂ (ਸੰਤ ਜਨ ਧਰਮ ਮਾਰਗ ਤੇ ਅੱਗੇ) ਵਧਦੇ ਹਨ, (ਸੰਤਾਂ ਦਾ ਜਸ ਸਾਕਤਾਂ ਨੂੰ) ਚੁਭਦਾ ਹੈ, (ਇਸ ਚੋਭ ਦੇ ਦਰਦ ਦਾ ਸਾਕਤ) ਦੁਖ ਪਾਉਂਦੇ ਹਨ ਅਤੇ ਅੰਤ ਸਮੇਂ ਸਿਰ ਤੇ ਜਮਾਂ ਦਾ ਡੰਡਾ ਸਹਿੰਦੇ ਹਨ (ਸੰਪ੍ਰਦਾਵਾਂ ਨੇ ਦੋਵੇਂ ਅਰਥ ਕੀਤੇ ਹਨ)।੨।

ਜਮ ਡੰਡੁ ਸਹਹਿ ਸਦਾ ਦੁਖੁ ਪਾਇ। (ਅੰਗ ੨੩੧)।

ਹਰਿ ਜਨ ਹਰਿ ਹਰਿ ਨਾਮਿ ਸਮਾਣੇ, ਦੁਖੁ ਜਨਮ ਮਰਣ ਭਵ ਖੰਡਾ ਹੇ ॥ ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ,ਬਹੁ ਸੋਭ ਖੰਡ ਬ੍ਰਹਮੰਡਾ ॥੩॥ (ਪਰ) ਹਰੀ ਦੇ ਸੇਵਕ ਹਰੀ ਦੇ ਨਾਮ ਵਿਚ ਸਮਾਏ ਰਹਿੰਦੇ ਹਨ ਅਤੇ ਉਨ੍ਹਾਂ ਨੇ ਸੰਸਾਰ ਦੇ ਜਨਮ ਮਰਣ ਦਾ ਦੁਖ ਕੱਟ ਦਿਤਾ ਹੈ; ਜਨਮ ਮਰਣ ਦਾ ਦੁਖ ਅਤੇ ਡਰ ਨਾਸ਼ ਕਰ ਦਿਤਾ ਹੈ।(ਉਨ੍ਹਾਂ ਨੇ) ਨਾਸ਼ ਰਹਿਤ ਸਰਬ ਵਿਆਪਕ ਪ੍ਰਭੂ ਨੂੰ ਪਾ ਲਿਆ ਹੈ ਅਤੇ (ਇਸ ਲਈ ਉਨ੍ਹਾਂ ਦੀ) ਸੋਭਾ ਖੰਡਾਂ ਬ੍ਰਹਿਮੰਡਾਂ ਵਿਚ ਬਹੁਤ ਹੁੰਦੀ ਹੈ।੩।

ਦਹਦਿਸਿ ਪੂਜ ਹੋਵੈ ਹਰਿ ਜਨ ਕੀ, ਜੋ ਹਰਿ ਹਰਿ ਨਾਮੁ ਧਿਆਏ।(੭੬੮)।

ਹਮ ਗਰੀਬ ਮਸਕੀਨ ਪ੍ਰਭ ਤੇਰੇ, ਹਰਿ ਰਾਖੁ ਰਾਖੁ ਵਡ ਵਡਾ ਹੇ ॥ ਜਨ ਨਾਨਕ ਨਾਮੁ ਅਧਾਰੁ ਟੇਕ ਹੈ, ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥ (ਵਾਹਿਗੁਰੂ ਅੱਗੇ ਇਉਂ ਅਰਦਾਸ ਕਰੋ) ਹੇ ਪ੍ਰਭੂ! ਅਸੀਂ ਗਰੀਬ ਤੇ ਕੰਗਾਲ ਹਾਂ, ਪਰ ਤੇਰੇ ਹਾਂ {ਮੈ ਗਰੀਬ ਮੈ ਮਸਕੀਨ, ਤੇਰਾ ਨਾਮੁ ਹੈ ਅਧਾਰਾ ੭੨੭}, ਹੇ ਹਰੀ! (ਸਾਨੂੰ) ਰੱਖ ਲੈ, ਰੱਖ ਲੈ, (ਕਿਉਂਕਿ ਤੂੰ ਹੀ) ਵੱਡਿਆਂ ਤੋਂ ਵੱਡਾ (ਸਰਬ ਕਲਾ ਸਮਰੱਥ) ਹੈਂ {ਰਾਖੁ ਰਾਖੁ ਰਾਖੁ ਸੁਖ ਦਾਤੇ, ਸਭੁ ਨਾਨਕ ਜਗਤੁ ਤੁਮਾਰਹਿ ੧੨੧੧}; ਹੇ ਵੱਡਿਆਂ ਤੋਂ ਵੱਡੇ ਹਰੀ! (ਸਾਡੀ ਸੰਸਾਰ ਸਮੁੰਦਰ ਤੋਂ) ਰੱਖਿਆ ਕਰ ਅਤੇ (ਸਾਨੂੰ ਆਪਣੀ ਸ਼ਰਣ ਵਿਚ) ਰੱਖ।ਗੁਰੂ ਜੀ ਆਖਦੇ ਹਨ, (ਵਾਹਿਗੁਰੂ ਦਾ) ਨਾਮ ਹੀ ਤੇਰੇ ਦਾਸਾਂ ਦਾ ਆਸਰਾ ਤੇ ਟੇਕ ਹੈ, (ਦਾਸਾਂ ਨੇ) ਨਾਮ ਤੋਂ ਹੀ ਸੁਖ ਭੋਗਿਆ (ਪਾਇਆ) ਹੈ।੪।੪।

ਪਦਾਰਥ = ਮਿਲਿ ਸਾਧੂ–ਸਾਧੂ (ਗੁਰੂ) ਨੂੰ ਮਿਲ ਕੇ।ਖੰਡਲ–ਸਮੂੰਹ।ਖੰਡਾ ਹੇ–ਤੋੜ ਦਿਤਾ।ਖੰਡਲ ਖੰਡਾ ਹੇ–ਟੋਟੇ ਟੋਟੇ ਕਰ ਦਿਤਾ। ਪੂਰਬਿ–ਪਿਛਲੇ; ਪਹਿਲੇ।ਲਿਖਤ–ਲੇਖ।ਲਿਵ–ਵਾਹਿਗੁਰੂ ਵਿਚ ਲੱਗੀ ਹੋਈ ਮਨ ਦੀ ਅਵਸਥਾ; ਧਿਆਨ।ਮੰਡਲ–ਸਥਾਨ।ਮੰਡਾ ਹੇ–ਸਜਾ ਦਿਤਾ।ਮੰਡਲ ਮੰਡਾ ਹੇ–ਚੰਗੀ ਤਰ੍ਹਾਂ ਟਿਕਾ ਲਿਆ।੧।ਅੰਜੁਲੀ–ਦੋਵੇਂ ਹੱਥਾਂ ਨੂੰ ਮੇਲ ਕੇ ਬੁੱਕ ਜਿਹਾ ਬਣਾ ਲੈਣਾ; (ਮੱਥਾ ਟੇਕਣ ਲਈ) ਹੱਥ ਜੋੜਨਾ।ਪੁਨੁ–ਪੁੰਨ; ਚੰਗਾ ਕਰਮ।ਡੰਡਉਤ–ਡੰਡੇ ਵਾਂਗ ਸਿੱਧਾ ਲੰਬਾ ਪੈ ਕੇ ਮੱਥਾ ਟੇਕਣਾ।੧।ਰਹਾਉ।ਸਾਕਤ–ਰੱਬ ਤੋਂ ਬੇ ਮੁਖ ਹੋਇਆ ਸ਼ਕਤੀ (ਮਾਇਆ) ਦਾ ਉਪਾਸ਼ਕ।ਹਰਿ ਰਸ–ਹਰੀ ਦੇ ਮਿਲਾਪ ਦਾ ਸੁੱਖ; ਹਰੀ ਦੇ ਨਾਮ ਸਿਮਰਨ ਦਾ ਅਨੰਦ।ਸਾਦ–ਸੁਆਦ; ਅਨੰਦ।ਤਿਨ–ਉਨ੍ਹਾਂ ਦੇ।ਅੰਤਰਿ–ਮਨ ਵਿਚ।ਕੰਡਾ–ਸੂਲ।ਚਲਹਿ–ਤੁਰਦੇ ਹਨ; ਅੱਗੇ ਵਧਦੇ ਹਨ।ਚੁਭੈ–ਚੁਭਦਾ ਹੈ।ਜਮ ਕਾਲੁ–ਕਾਲ ਕਰਨ (ਮਾਰਨ) ਵਾਲਾ ਜਮ ਦੂਤ।ਸਹਹਿ–ਸਹਿੰਦੇ ਹਨ।ਸਿਰਿ–ਸਿਰ ਉਤੇ।ਡੰਡਾ–ਸੋਟਾ।੨।ਨਾਮਿ ਸਮਾਣੇ–ਨਾਮ ਵਿਚ ਲੀਨ ਰਹਿੰਦੇ ਹਨ।ਭਵ–ਸੰਸਾਰ ਸਾਗਰ; ਡਰ।ਖੰਡਾ ਹੇ–ਤੋੜ ਦਿਤਾ।ਅਬਿਨਾਸੀ–ਨਾ ਰਹਿਤ ਪ੍ਰਭੂ।ਸੋਭ–ਸੋਭਾ; ਵਡਿਆਈ।ਖੰਡ ਬ੍ਰਹਮੰਡ–ਸਾਰਾ ਜਗਤ।੩।ਹਮ–ਅਸੀਂ।ਗਰੀਬ–ਧਨ ਹੀਣ; ਨਿਮਾਣਾ।ਮਸਕੀਨ–ਕੰਗਾਲ (ਜਿਸ ਕੋਲ ਕੁਛ ਵੀ ਨਾ ਹੋਵੇ); ਬਹੁਤ ਨਿਮਾਣਾ।ਵਡ ਵਡਾ ਹੇ–ਵੱਡਿਆਂ ਤੋਂ ਵੱਡਾ।ਰਾਖੁ–ਰੱਖ ਲੈ; ਰੱਖਿਆ ਕਰੋ।ਅਧਾਰ–ਆਸਰਾ।ਨਾਮੇ ਹੀ–ਨਾਮ ਵਿਚ; ਨਾਮ ਤੋਂ।ਮੰਡਾ ਹੇ–ਭੋਗਿਆ; ਅਨੁਭਵ ਕੀਤਾ ਹੈ; ਪਾਇਆ ਹੈ।੪।੪।

ਰਾਗੁ ਗਉੜੀ ਪੂਰਬੀ ਮਹਲਾ ੫ ॥ ਕਰਉ ਬੇਨੰਤੀ ਸੁਣਹੁ ਮੇਰੇ ਮੀਤਾ, ਸੰਤ ਟਹਲ ਕੀ ਬੇਲਾ ॥ ਈਹਾ ਖਾਟਿ ਚਲਹੁ ਹਰਿ ਲਾਹਾ, ਆਗੈ ਬਸਨੁ ਸੁਹੇਲਾ ॥੧॥ ਹੇ ਮੇਰੇ (ਸਤਿ ਸੰਗੀ) ਮਿਤ੍ਰੋ ! ਸੁਣੋ, ਮੈਂ ਬੇਨਤੀ ਕਰਦਾ ਹਾਂ ਕਿ (ਇਹ ਮਨੁੱਖਾ ਜਨਮ) ਸੰਤਾਂ ਦੀ ਸੇਵਾ ਕਰਨ ਦਾ ਵੇਲਾ ਹੈ। ਦੂਜਾ ਅਰਥ = ਹੇ ਮੇਰੇ ਮਿਤ੍ਰੋ ! (ਇਹ ਮਨੁੱਖਾ ਜਨਮ) ਸੰਤਾਂ ਦੀ ਸੇਵਾ ਕਰਨ ਦਾ ਸਮਾਂ ਹੈ (ਸੰਤਾਂ ਦੀ ਸੰਗਤ ਵਿਚ ਬੈਠ ਕੇ) ਰੱਬ ਅੱਗੇ ਬੇਨਤੀ ਕਰੋ ਤੇ ਹਰੀ ਜਸ ਸੁਣੋ (ਮੇਰਾ ਖਿਆਲ)। ਇਥੇ (ਸੰਸਾਰ ਵਿਚ) ਹਰੀ (ਨਾਮ ਸਿਮਰਨ ਦਾ) ਲਾਭ ਖੱਟ ਕੇ ਲੈ ਚੱਲੋ ਤਾਂ ਅੱਗੇ (ਪ੍ਰਲੋਕ ਵਿਚ) ਵਸਣਾ ਸੌਖਾ ਹੋ ਜਾਵੇਗਾ।੧।

ਅਉਧ ਘਟੈ ਦਿਨਸੁ ਰੈਣਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥੧॥ਰਹਾਉ॥ ਦਿਨ ਤੇ ਰਾਤ (ਬੀਤਦੇ ਜਾਂਦੇ ਹਨ, ਤੇਰੀ) ਉਮਰ ਘਟਦੀ ਜਾਂਦੀ ਹੈ {ਦਿਨ ਤੇ ਪਹਰ ਪਹਰ ਤੇ ਘਰੀਆ, ਆਵ ਘਟੈ ਤਨੁ ਛੀਜੈ ੬੯੧;ਛਿਨੁ ਛਿਨੁ ਅਉਧ ਬਿਹਾਤੁ ਹੈ, ਫੂਟੇ ਘਟ ਜਿਉ ਪਾਨੀ ੭੨੬;ਛਿਨੁ ਛਿਨੁ ਅਉਧ ਘਟੈ ਨਿਸ ਬਾਸੁਰ, ਬ੍ਰਿਥਾ ਜਾਤੁ ਹੈ ਦੇਹ ੯੦੨}। ਹੇ (ਮੇਰੇ) ਮਨ ! ਗੁਰੂ ਨੂੰ ਮਿਲ ਕੇ (ਤੂੰ ਮਨੁੱਖਾ ਜਨਮ ਨੂੰ ਸਫਲ ਕਰਨ ਦਾ) ਕਾਰਜ ਸੁਆਰ ਲੈ।੧।ਰਹਾਉ।

ਇਹੁ ਸੰਸਾਰੁ ਬਿਕਾਰੁ ਸੰਸੇ ਮਹਿ, ਤਰਿਓ ਬ੍ਰਹਮ ਗਿਆਨੀ ॥ ਜਿਸਹਿ ਜਗਾਇ ਪੀਆਵੈ ਇਹੁ ਰਸੁ ,ਅਕਥ ਕਥਾ ਤਿਨਿ ਜਾਨੀ ॥੨॥ ਇਹ ਸੰਸਾਰ ਵਿਕਾਰ ਰੂਪ ਹੈ, ਸੰਸਿਆਂ ਵਿਚ ਪਿਆ ਹੋਇਆ ਹੈ, (ਵਿਕਾਰਾਂ ਤੇ ਸੰਸਿਆਂ ਨਾਲ ਭਰੇ ਸੰਸਾਰ ਸਮੁੰਦਰ ਵਿਚੋਂ) ਕੋਈ ਬ੍ਰਹਮ ਗਿਆਨੀ ਹੀ ਤਰਿਆ ਹੈ। ਜਿਸ (ਮਨੁੱਖ) ਨੂੰ (ਨਿਰੰਕਾਰ ਮੋਹ ਮਾਇਆ ਦੀ ਨੀਂਦ ਵਿਚੋਂ) ਜਗਾ ਕੇ ਇਹ (ਨਾਮ) ਰਸ ਪਿਲਾਉਂਦਾ ਹੈ, ਅਕੱਥ ਨਿਰੰਕਾਰ ਦੀ ਕਥਾ ਉਸ (ਮਨੁੱਖ) ਨੇ ਜਾਣੀ ਹੈ (ਉਸੇ ਨੂੰ ਅਨੁਭਵ ਹੋਇਆ ਹੈ)।੨।

ਜਾ ਕਉ ਆਏ ਸੋਈ ਬਿਹਾਝਹੁ ,ਹਰਿ ਗੁਰ ਤੇ ਮਨਹਿ ਬਸੇਰਾ ॥ ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ, ਬਹੁਰਿ ਨ ਹੋਇਗੋ ਫੇਰਾ ॥੩॥ ਹੇ ਭਾਈ ! ਜਿਸ (ਨਾਮ ਰੂਪ ਸੌਦੇ ਨੂੰ ਲੈਣ) ਲਈ ਜਗਤ ਵਿਚ ਆਏ ਹੋ, ਉਹੀ ਖ੍ਰੀਦੋ, ਗੁਰੂ ਰਾਹੀਂ ਹਰੀ ਮਨ ਵਿਚ ਆ ਨਿਵਾਸ ਕਰਦਾ ਹੈ। {ਜਿਸ ਵਖਰ ਕਉ ਲੈਨਿ ਤੂ ਆਇਆ। ਰਾਮ ਨਾਮੁ ਸੰਤਨ ਘਰਿ ਪਾਇਆ ੨੮੩}। (ਫਿਰ ਤੁਸੀਂ) ਅਪਣੇ ਆਤਮ ਸਰੂਪ ਵਿਚ ਨਿਵਾਸ (ਅਤੇ ਉਸ ਦਾ) ਸੁੱਖ ਸਹਿਜੇ (ਸੌਖੇ) ਹੀ ਪਾ ਲਵੋਗੇ; ਨਿਜ ਘਰ (ਆਤਮ ਸਰੂਪ) ਵਿਚ ਹਰੀ ਦਾ ਮਹਲ ਅਤੇ ਸਹਿਜ ਸੁਖ ਪਾ ਲਵੋਗੇ, ਮੁੜ (ਤੁਹਾਡਾ ਸੰਸਾਰ ਵਿਚ) ਫੇਰਾ ਨਹੀਂ ਹੋਵੇਗਾ ਭਾਵ ਜਨਮ ਮਰਨ ਦਾ ਚੱਕਰ ਨਹੀਂ ਹੋਵੇਗਾ।੩।

ਅੰਤਰਜਾਮੀ ਪੁਰਖ ਬਿਧਾਤੇ, ਸਰਧਾ ਮਨ ਕੀ ਪੂਰੇ ॥ ਨਾਨਕ ਦਾਸੁ ਇਹੈ ਸੁਖੁ ਮਾਗੈ, ਮੋਕਉ ਕਰਿ ਸੰਤਨ ਕੀ ਧੂਰੇ ॥੪॥੫॥ (ਕਰਤਾਰ ਅੱਗੇ ਇਸ ਤਰ੍ਹਾਂ ਅਰਦਾਸ ਕਰੋ) ਹੇ ਦਿਲਾਂ ਦੀਆਂ ਜਾਨਣ ਵਾਲੇ ! ਹੇ ਸਰਬ ਵਿਆਪਕ ਅਤੇ ਫਲ ਪ੍ਰਦਾਤੇ ! ਸਾਡੇ ਮਨ ਦੀ ਸ਼ਰਧਾ ਪੂਰੀ ਕਰੋ ਜੀ {ਸਾਧ ਜਨਾ ਕੀ ਮਾਗਉ ਧੂਰਿ। ਪਾਰਬ੍ਰਹਮੁ ਮੇਰੀ ਸਰਧਾ ਮੇਰੀ ਸਰਧਾ ਪੂਰਿ ੨੮੯}। ਦੂਜਾ ਅਰਥ = ਹੇ ਸਭ ਦੇ ਦਿਲਾਂ ਦੀਆਂ ਜਾਨਣ ਵਾਲੇ ਕਰਤਾ ਪੁਰਖ ! ਹੇ (ਸਭ ਦੇ) ਮਨਾਂ ਦੀਆਂ ਸ਼ਰਧਾ ਪੂਰਨ ਕਰਨ ਵਾਲੇ ! ਦਾਸ ਨਾਨਕ (ਤੈਥੋਂ) ਇਹੋ ਹੀ ਸੁਖ ਮੰਗਦਾ ਹੈ ਕਿ ਮੈਨੂੰ ਸੰਤਾਂ ਦੀ (ਚਰਨ) ਧੂੜ ਬਣਾ ਦਿਓ ਜੀ।੪।੫।

ਪਦਾਰਥ = ਕਰਉ–ਮੈਂ ਕਰਦਾ ਹਾਂ। ਮੀਤਾ–ਹੇ ਮਿਤ੍ਰ !। ਸੰਤ–ਸੰਤਾਂ (ਗੁਰਮੁਖਾਂ) ਦੀ। ਟਹਲ–ਸੇਵਾ। ਬੇਲਾ–ਸਮਾਂ; ਮੌਕਾ। ਈਹਾ–ਇੱਥੇ (ਸੰਸਾਰ ਵਿਚ)। ਖਾਟਿ–ਖੱਟ ਕੇ। ਲਾਹਾ–ਲਾਭ। ਆਗੈ–ਅੱਗੇ ਪ੍ਰਲੋਕ ਵਿਚ। ਬਸਨੁ–ਵਸਣਾ; ਨਿਵਾਸ। ਸੁਹੇਲਾ–ਸੌਖਾ।੧। ਅਉਧ–ਉਮਰ। ਰੈਣਾਰੇ–ਰਾਤ ('ਦਿਨਸੁ' ਤੇ 'ਰੈਣਾਰੇ' ਪਾਠ ਕੱਠਾ ਹੈ)। ਮਨ–ਹੇ ਮਨ !। ਕਾਜ–ਕਾਰਜ (ਜੀਵਨ ਦਾ ਅਸਲੀ ਮਨੋਰਥ)। ਸਵਾਰੇ–ਸਵਾਰ ਲੈ; ਰਾਸ ਕਰ ਲੈ; ਸਿਰੇ ਚਾੜ੍ਹ ਲੈ।੧।ਰਹਾਉ। ਸੰਸੇ ਮਹਿ–ਸੰਸਿਆਂ ਵਿਚ। ਬ੍ਰਹਮ ਗਿਆਨੀ–ਨਿਰੰਕਾਰ ਦੇ ਜਾਨਣ ਵਾਲਾ ਮਨੁੱਖ। ਜਿਸਹਿ–ਜਿਸ ਨੂੰ। ਜਗਾਇ–ਜਗਾ ਕੇ (ਭਰਮ, ਮੋਹ, ਮਾਇਆ ਤੇ ਵਿਕਾਰਾਂ ਤੋਂ ਹਟਾ ਕੇ ਨਾਮ ਵਿਚ ਲਗਾ ਦੇਣਾ, ਜਗਾ ਦੇਣਾ ਹੈ)। ਪੀਆਵੈ–ਪਿਲਾ ਦੇਂਦਾ ਹੈ। ਅਕਥ ਕਥਾ–ਉਹ ਕਥਾ ਜੋ ਬਿਆਨ ਨਾ ਕੀਤੀ ਜਾ ਸਕੇ; ਨਾ ਕਥੇ ਜਾ ਸਕਣ ਵਾਲੇ ਨਿਰੰਕਾਰ ਦਾ ਜਸ। ਤਿਨਿ–ਉਸ ਨੇ। ਜਾਨੀ–ਜਾਣੀ (ਸਮਝੀ); ਅਨੁਭਵ ਕੀਤੀ ਹੈ।੨। ਜਾ ਕਉ–ਜਿਸ ਲਈ। ਸੋਈ–ਉਹ। ਬਿਹਾਝਹੁ–ਖਰੀਦੋ। ਤੇ–ਤੋਂ; ਰਾਹੀਂ। ਮਨਹਿ–ਮਨ ਵਿਚ। ਬਸੇਰਾ–ਵਾਸਾ; ਟਿਕਾਣਾ। ਨਿਜ ਘਰਿ–ਆਪਣਾ ਘਰ (ਆਤਮ ਸਰੂਪ) ਵਿਚ। ਮਹਲੁ–ਰਹਿਣ ਦੀ ਥਾਂ; ਨਿਵਾਸ। ਸਹਜ ਸੁਖ–ਕੁਦਰਤੀ ਸੁੱਖ (ਆਤਮਾ ਦਾ ਪ੍ਰਮਾਤਮਾ ਨਾਲ ਮੇਲ ਤੋਂ ਪੈਦਾ ਹੋਇਆ ਅਸਲੀ ਸੁਖ)। ਬਹੁਰਿ–ਮੁੜ। ਫੇਰਾ–ਜਨਮ ਮਰਨ ਦਾ ਚੱਕਰ।੩। ਅੰਤਰਜਾਮੀ–ਹੇ ਸਭ ਦੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲੇ ਪ੍ਰਭੂ !। ਪੁਰਖ–ਸਰਬ ਵਿਆਪਕ। ਬਿਧਾਤੇ–ਜੀਵਾਂ ਦੇ ਕੀਤੇ ਕਰਮਾਂ ਅਨੁਸਾਰ ਫਲ ਦੇਣ ਵਾਲਾ; ਸਿਰਜਣਹਾਰ। ਮੋਕਉ–ਮੈਨੂੰ। ਕਰਿ–ਕਰ ਦੇਹ; ਬਣਾ ਦੇਹ। ਧੂਰੇ–ਧੂੜ।੪।੫।

ਨੋਟ = ਰੈਣ–ਰਾਤ ਭਾਵ ਉਮਰ, ਅਵਸਥਾ। ਮੌਤ ਤੋਂ ਬਾਦ ਅਗਲੀ ਹਾਲਤ ਦਿਨ ਵਾਂਗ ਰੋਸ਼ਨ ਹੈ, ਇਸ ਜਗਤ ਵਿਚ ਸਾਡੀ ਜੀਵਨ ਦੀ ਹਾਲਤ ਰਾਤ ਵਾਂਗ ਹੈ। ਜਿਵੇਂ ਰਾਤ ਸੁੱਤਿਆਂ ਬੀਤ ਜਾਂਦੀ ਹੈ, ਪਤਾ ਹੀ ਨਹੀਂ ਲਗਦਾ, ਇਸੇ ਤਰ੍ਹਾਂ ਸਾਡਾ ਜੀਵਨ ਮੋਹ ਮਾਇਆ ਦੀ ਨੀਂਦ ਵਿਚ ਸੁਤੇ ਹੋਇਆਂ ਦਾ ਅਜਾਂਈਂ ਬੀਤ ਰਿਹਾ ਹੈ {ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ੩੬}। ਰਾਤ ਕਾਲੀ ਹੁੰਦੀ ਹੈ। ਜਵਾਨੀ ਵਿਚ ਕੇਸ ਵੀ ਕਾਲੇ ਹਨ, ਇਸ ਕਰਕੇ ਰੈਣ ਦਾ ਅਰਥ ਜਵਾਨੀ ਵੀ ਹੈ {ਰੈਨਿ ਗਈ ਮਤ ਦਿਨੁ ਭੀ ਜਾਇ। ਕਬੀਰ ਜੀ ੭੯੨}। ਰੈਣ ਹਨ੍ਹੇਰੇ

ਵਾਲੀ ਹੁੰਦੀ ਹੈ, ਅਗਿਆਨ ਵੀ ਹਨ੍ਹੇਰਾ ਹੈ, ਰੈਣ ਦਾ ਅਰਥ ਅਗਿਆਨ ਵੀ ਲਗਦਾ ਹੈ।

ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ।(੨੧੨)

ਨਿਜ ਘਰ ਮਹਲੁ = ਘਰ ਛੋਟਾ ਮਕਾਨ ਹੁੰਦਾ ਹੈ ਅਤੇ ਮਹਲ ਵੱਡਾ ਮਕਾਨ ਹੈ, ਘਰ ਤੋਂ ਭਾਵ ਹੈ ਆਤਮ ਤੱਤ ਅਤੇ ਮਹਲ ਤੋਂ ਭਾਵ ਹੈ ਪ੍ਰਮਾਤਮ ਤੱਤ। ਗੁਰੂ ਦੀ ਸਿਖਿਆ ਤੇ ਚਲ ਕੇ ਅੰਦਰੋਂ ਆਤਮਾ ਵਿਚੋਂ ਹੀ ਪ੍ਰਮਾਤਮਾ ਨਾਲ ਮੇਲ ਹੋ ਜਾਵੇਗਾ ਅਤੇ ਉਸ ਮੇਲ ਤੋਂ ਉਪਜਿਆ ਸਹਜ ਸੁਖ ਮਿਲ ਜਾਏਗਾ।

ਅੰਤਰਜਾਮੀ = ਜੋ ਦਿਲ ਵਿਚ ਵਸਦਾ ਅੰਦਰਲੇ ਭਾਵਾਂ ਨੂੰ ਰੋਕਦਾ, ਠੀਕ ਕਰਦਾ ਜਾਂ ਪ੍ਰੇਰਦਾ ਹੈ (Inner controller), ਸਭ ਦੇ ਅੰਦਰ ਕਾਰਣ ਰੂਪ ਹੋ ਕੇ ਵਰਤ ਰਿਹਾ ਹੈ, ਆਮ ਅਰਥ 'ਅੰਦਰ ਦੀਆਂ ਜਾਨਣ ਵਾਲਾ' ਹੀ ਕੀਤਾ ਜਾਂਦਾ ਹੈ (ਭਾ.ਵੀਰ ਸਿੰਘ)।

ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ। ਗਾਵਹੁ ਤ ਸੋਹਿਲਾ ਘਰਿ ਸਾਚੈ, ਜਿਥੈ ਸਦਾ ਸਚੁ ਧਿਆਵਹੇ।
ਸਚੋ ਧਿਆਵਹਿ ਜਾ ਤੁਧੁ ਭਾਵਹਿ, ਗੁਰਮੁਖਿ ਜਿਨਾ ਬੁਝਾਵਹੇ। ਇਹੁ ਸਚੁ ਸਭਨਾ ਕਾ ਖਸਮੁ ਹੈ,
ਜਿਸੁ ਬਖਸੇ ਸੋ ਜਨੁ ਪਾਵਹੇ। ਕਹੈ ਨਾਨਕੁ ਸਚੁ ਸੋਹਿਲਾ, ਸਚੈ ਘਰਿ ਗਾਵਹੇ। (ਅੰਗ ੯੨੨)।